
FARM AND SPICE
Open 7 Days a Week
8.30 am to 9.00 pm
SPECIAL OFFERS : 12 - 18 Aug
Daily Specials on
ਨਿੰਬੂ
Organic
Lemon
69¢ each
ਜ਼ੁਕੀਨੀ
Zuchinni
99¢ /lb
ਤਰਬੂਜ਼
watermelon
Large
89¢ /lb
ਕਲਰਡ ਪੈਪਰ
Coloured
Peper
99¢ /lb
ਟਮਾਟਰ
Tomato
99¢ /lb
ਜੈਜ਼ ਸੇਬ
Jazz apple
$1.29 /lb
ਆੜੂ
Peaches
$1.99 /lb
ਫੁਲ ਗੋਬੀ
Cauliflower
$1.99 each
$2.99 Pack
ਸਟ੍ਰਾਬੈਰੀ
Strawberry
ਨਮਕੀਨਜ਼
Balaji
Assorted
Namkeen
200g
99¢ /each
500g
$1.99 each
ਨਮਕੀਨਜ਼
Balaji
Assorted Namkeen
ਹੀਰ ਵੇਸਣ
Heer
Besan
4lb
$3.99 each
70g
$4.79 each
ਮਖਾਣਾ
Crispeez
flavoured makhana
assorted
ਹੈਲੋ ਜੀ ਰੱਸ
Hello ji
Saunf Elaichi &
Milk Rusk
600g
$3.99 each
ਵੇਰਕਾ ਪੱਫ
Verka
Assorted
Khari Puff
350g
$4.99 each
ਬਦਾਮ
Almonds
Premium
Quality
$4.99 /lb
4lb
$3.99 each
ਸੌਰਭੀ ਐਸਾਰਟਿਡ ਆਟਾ
Saurbhi/ Flour
Makki Atta/Besan
ਗੁੜ ਤੇ ਸ਼ਕਰ
Haryana King
Pesi Gur & Shakkar
1kg
$3.99 each
ਹੀਰ ਕਣਕ ਆਟਾ
Heer
Chakki Atta
20lb
$11.99 each
ਹੀਰ ਚਪਾਤੀ ਆਟਾ
Heer
Whole Grain Atta
20lb
$11.99 each
PUNJABI FLAVOURED
KULFI ALSO
AVAILABLE
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

**Okanagan Sikh Temple & Cultural Society and Kelowna Community**

ਖੇਡ ਮੇਲਾ

# Annual Sport Tournament 2022
## & Cultural Activities

**Parkinson Rec. Centre**
**& Apple Bowl**
**August 20 & 21 (Sat & Sun)**






### TRACK & FIELD
(Boy & Girls Under 8, 12, 16)
Mens & Womens Open
Contact: Tejinder Singh
**250.899.6781**

### SOCCER
(Boy & Girls Under 12, 16)
Mens & Womens Open
Contact Paramjit Patara
**250.717.7844**

### TUG of WAR (OPEN)
Contact Manjit Basra
**250.470.9899**

### KABBADI (OPEN)
Contact Kinda Kandola
**250.317.2879**

*Deadline for all entries August 10, 2022

## OUR SPONSORS

freshii
Canco
Pita Pit
New Punjab Sweets & Restaurant
Sunset Ranch Golf & Country Club Kelowna BC
Subway
Dawett Indian Restaurant
Veerji Fish 'n' Grill
Garcha Bros Meat Shop & Poultry
Kara Rosart Personal Real Estate Corporation
Good Brothers Pizza
Balzor Singh Mortgage Specialist
Farming Karma Fruit Co.
Marshall Cabinets Ltd.
Royal Fruit Packers Inc
R & B Construction
Barley Mill Brew Pub
Forever Fruit Co.
Kelowna Cabs
Lakeview Homes
Andy Sandhu Royal LePage
Johal Brothers
City Towing
Sun City Cherries
SOEI Auto Repair Ltd.
Samra Construction
Royal Star Enterprises Inc
Pizza
Apni Rasoi Taste of India

**FOR GENERAL INQUIRIES PARAMJIT PATARA 250.717.7844**

# ਕੈਨੇਡਾ ’ਚ ਟੀ.ਵੀ. ਪੱਤਰਕਾਰ ’ਤੇ ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਬਰੈਂਪਟਨ- ਪੰਜਾਬ ਦੇ ਸੀਨੀਅਰ ਅਕਾਲੀ ਆਗੂ ਸੀਤਲ ਸਿੰਘ ਤਾਜਪੁਰੀ ਦੇ ਪੁੱਤਰ ਅਤੇ ਕੈਨੇਡਾ ’ਚ ਟੀ.ਵੀ. ਪੱਤਰਕਾਰ ਜੋਤੀ ਮਾਨ ਬੀਤੇ ਵੀਰਵਾਰ ਸਵੇਰੇ 8 ਵਜੇ ਦੇ ਕਰੀਬ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਕੀਤੇ ਹਮਲੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ। ਉਨ੍ਹਾਂ ਨੂੰ ਸੰਨੀ ਬਰੁਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਹਮਲਾਵਰ, ਜਿਨ੍ਹਾਂ ਦੀ ਗਿਣਤੀ ਤਿੰਨ ਦੱਸੀ ਜਾ ਰਹੀ ਹੈ, ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਕੈਨੇਡਾ ਪੁਲਿਸ ਮੁਤਾਬਕ ਹਮਲਾਵਰਾਂ ਦੇ ਮੂੰਹ ਬੰਨੇ ਹੋਏ ਸਨ। ਪੁਲਿਸ ਨੇ ਬਰੈਂਪਟਨ ਵਿਚਲੇ ਮੇਹਫੀਲਡ ਇਲਾਕੇ ਨੂੰ ਸੀਲ ਕਰ ਦਿੱਤਾ ਹੈ। ਪੁਲਿਸ ਜੋਤੀ ਮਾਨ ਦੇ ਘਰ ਅਤੇ ਨੇੜਲੇ ਸੀ.ਸੀ.ਟੀ.ਵੀ.’ਜ਼ ਦੀ ਮਦਦ ਨਾਲ ਹਮਲਾਵਰਾਂ ਦੀ ਸ਼ਨਾਖਤ ਕਰਨ ਵਿਚ ਰੁੱਝ ਗਈ ਹੈ, ਪਰ ਅਜੇ ਤੱਕ ਪੁਲਿਸ ਹੱਥ ਕੋਈ ਸੁਰਾਗ ਨਹੀਂ ਲੱਗਾ। ਜੋਤੀ ਮਾਨ ’ਤੇ ਹਮਲਾ ਉਦੋਂ ਹੋਇਆ, ਜਦੋਂ ਉਹ ਟੀ.ਵੀ. ਪ੍ਰੋਗਰਾਮ ਕਰਨ ਲਈ ਘਰੋਂ ਨਿਕਲ ਕੇ ਆਪਣੀ ਕਾਰ ਵਿਚ ਬੈਠਣ ਲੱਗਾ ਸੀ। ਪੱਤਰਕਾਰ ਨੇ ਕਾਰ ਦੀ ਤਾਕੀ ਖੋਲ੍ਹੀ ਸੀ ਕਿ ਪਹਿਲਾਂ ਤੋਂ ਘਾਤ ਲਾਈ ਬੈਠੇ ਹਮਲਾਵਰਾਂ ਨੇ ਪਿੱਛੋਂ ਤਿੱਖੇ ਦਾਤਰਾਂ ਨਾਲ ਹਮਲਾ ਕਰ ਦਿੱਤਾ। ਜੋਤੀ ਮਾਨ ਸਿੱਧੂ ਮੂਸੇਵਾਲਾ ਦੇ ਫੈਨ ਹਨ ਤੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਮੂਸੇਵਾਲਾ ਨੂੰ ਸਮਰਪਿਤ ਪ੍ਰੋਗਰਾਮ ਕਰਵਾ ਕੇ ਨੌਜਵਾਨਾਂ ਦੇ ਸਿਰਾਂ ’ਤੇ ਦਸਤਾਰਾਂ ਸਜਾਈਆਂ ਸਨ। ਪੱਤਰਕਾਰ ਦਾ ਘਰੇਲੂ ਨਾਮ ਗਗਨਦੀਪ ਸਿੰਘ ਮਾਨ ਹੈ, ਪਰ ਕੈਨੇਡਾ ਵਿਚ ਉਹ ਜੋਤੀ ਮਾਨ ਵਜੋਂ ਜਾਣੇ ਜਾਂਦੇ ਹਨ।

# ਬਾਦਲ ਦਲ ‘ਚ ਕਾਟੋ ਕਲੇਸ਼ ਵਧਿਆ

ਚੰਡੀਗੜ੍ਹ:- ਸ਼੍ਰੋਮਣੀ ਅਕਾਲੀ ਦਲ ਵਿੱਚ ਘਮਸਾਨ ਹੋਰ ਵੀ ਤੇਜ਼ ਹੋ ਗਿਆ ਹੈ। ਪਾਰਟੀ ‘ਤੇ ਬਾਦਲ ਪਰਿਵਾਰ ਦੇ ਏਕਾਧਿਕਾਰ ‘ਤੇ ਸਵਾਲ ਉਠਾਏ ਜਾ ਰਹੇ ਹਨ। ਪਾਰਟੀ ਲੀਡਰਸ਼ਿਪ ਵਿੱਚ ਬਦਲਾਅ ਦੀ ਮੰਗ ਕਰਨ ਵਾਲੀ ਲਾਬੀ ਮਜ਼ਬੂਤ ਹੁੰਦੀ ਜਾ ਰਹੀ ਹੈ।

ਇਸ ਵਿਚਾਲੇ ਬੀਤੇ ਕੱਲ੍ਹ ਕਈ ਵੱਡੇ ਅਕਾਲੀ ਲੀਡਰਾਂ ਦੀ ਅੰਮ੍ਰਿਤਸਰ ਵਿੱਚ ਹੋਈ ਮੀਟਿੰਗ ਤੋਂ ਬਾਅਦ ਚਰਚਾਵਾਂ ਹੋਰ ਵੀ ਤੇਜ ਹੋ ਗਈਆਂ ਹਨ। ਇਸ ਮੀਟਿੰਗ ਵਿੱਚ ਵਿਧਾਇਕ ਮਨਪ੍ਰੀਤ ਇਆਲੀ ਅਤੇ ਜਗਮੀਤ ਬਰਾੜ ਤੋਂ ਇਲਾਵਾ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਹੋਰ ਵੀ ਕਈ ਵੱਡੇ ਆਗੂ ਸ਼ਾਮਿਲ ਸਨ। ਇਸ ਦੇ ਮੱਦੇਨਜ਼ਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ 5 ਮੈਂਬਰੀ ਅਨੁਸ਼ਾਸਨੀ ਕਮੇਟੀ ਦਾ ਗਠਨ ਕੀਤਾ ਹੈ। ਜਿਸ ਦਾ ਚੇਅਰਮੈਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਲਾਇਆ ਗਿਆ ਹੈ।

ਇਸ ਵਿੱਚ ਸ਼ਰਨਜੀਤ ਢਿੱਲੋਂ, ਵਿਰਸਾ ਸਿੰਘ ਵਲਟੋਹਾ, ਮਨਤਾਰ ਸਿੰਘ ਬਰਾੜ ਅਤੇ ਡਾ: ਸੁਖਵਿੰਦਰ ਸੁੱਖੀ ਨੂੰ ਵੀ ਰੱਖਿਆ ਗਿਆ ਹੈ। ਅਕਾਲੀ ਦਲ ਨੇ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਹਰ ਸੁਝਾਅ ਦਾ ਪਾਰਟੀ ਪਲੇਟਫਾਰਮ ‘ਤੇ ਹੀ ਸਵਾਗਤ ਹੈ। ਅਨੁਸ਼ਾਸਨਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਨਿਤੀਸ਼ ਨਾਲ ਹੱਥ ਮਿਲਾਉਣ ਲਈ ਤਿਆਰ ਹਾਂ:ਰਾਸ਼ਟਰੀ ਜਨਤਾ ਦਲ



ਪਟਨਾ:ਬਿਹਾਰ ਵਿੱਚ ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ ਦੇ ਭਾਈਵਾਲਾਂ ਜਨਤਾ ਦਲ-ਯੂਨਾਈਟਿਡ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਤਣਾਅ ਪੈਦਾ ਹੋਣ ਦੀਆਂ ਅਫ਼ਵਾਹਾਂ ਵਿਚਾਲੇ ਸੂਬੇ ਦੀ ਮੁੱਖ ਵਿਰੋਧੀ ਧਿਰ ਰਾਸ਼ਟਰੀ ਜਨਤਾ ਦਲ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਨਿਤੀਸ਼ ਕੁਮਾਰ ਭਾਜਪਾ ਨਾਲ ਨਾਤਾ ਤੋੜ ਦਿੰਦੇ ਹਨ ਤਾਂ ਉਹ ਨਿਤੀਸ਼ ਤੇ ਉਨ੍ਹਾਂ ਦੀ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰ ਹਨ। ਰਾਸ਼ਟਰੀ ਜਨਤਾ ਦਲ ਦੇ ਕੌਮੀ ਮੀਤ ਪ੍ਰਧਾਨ ਸ਼ਿਵਾਨੰਦ ਤਿਵਾੜੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੰਗਲਵਾਰ ਨੂੰ ਦੋਹਾਂ ਪਾਰਟੀਆਂ ਵੱਲੋਂ ਵਿਧਾਇਕਾਂ ਦੀ ਮੀਟਿੰਗ ਸੱਦੇ ਜਾਣਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਸਥਿਤੀ ਅਸਾਧਾਰਨ ਹੈ।


Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan VISA

"For Fast, Friendly and Reliable Service!"



Phone:
604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਇਹ ਕੈਸਾ ਤੇਰਾ ਨਾਮ ਹੋ ਰਿਹੈ, ਪੰਜਾਬ ਸਿੰਹਾਂ ਤੂੰ ਬਦਨਾਮ ਹੋ ਰਿਹੈ!

ਮੁੱਢ ਤੋਂ ਹੀ ਰਾਜਸੀ ਲੋਕ ਨੌਜਵਾਨੀ ਨੂੰ ਵਰਗਲਾ ਕੇ ਅਪਣੇ ਮੁਨਾਫ਼ੇ ਲਈ ਵਰਤਦੇ ਆ ਰਹੇ ਹਨ ਕਿਉਂਕਿ ਨੌਜਵਾਨੀ ਜੋਸ਼ ਦੇ ਸਾਗਰ ਨਾਲ ਭਰੀ ਹੁੰਦੀ ਹੈ ਜਿਸ ਨੂੰ ਕੁਰਾਹੇ ਪਾ ਦਿਤਾ ਜਾਵੇ ਤਾਂ ਸੁਨਾਮੀ ਭਾਵ ਤਬਾਹੀ ਮਚਾ ਦਿੰਦੀ ਹੈ। ਇਸ ਦੇ ਉਲਟ ਜੇ ਕੋਈ ਇਨ੍ਹਾਂ ਨੂੰ ਸਿੱਧੇ ਰਾਹ ਪਾ ਦੇਵੇ ਤਾਂ ਜ਼ੁਲਮ ਦੇ ਪਹਾੜਾਂ ਨੂੰ ਤਹਿਸ ਨਹਿਸ ਕਰ ਛਡਦੀ ਹੈ। ਸਿਆਣੇ ਕਹਿੰਦੇ ਹਨ। ਜਿੱਥੇ ਜੋਸ਼ ਹੁੰਦੈ ਉੱਥੇ ਹੋਸ਼ ਦਾ ਹੋਣਾ ਲਾਜ਼ਮੀ ਹੈ ਫਿਰ ਸਾਰੇ ਫ਼ੈਸਲੇ ਲੁਕਾਈ ਦੇ ਹਿਤ ’ਚ ਸੁਝਦੇ ਰਹਿੰਦੇ ਨੇ ਪਰ ਜੇ ਜੋਸ਼ ਨਾਲ ਹੋਸ਼ ਦਾ ਪਹਿਰਾ ਨਹੀਂ ਫਿਰ ਤਾਂ ਤੁਹਾਡੇ ਜੋਸ਼ ਨੂੰ ਰਾਜਸੀ ਸਪੇਰੇ ਕੀਲ ਕੇ ਪਟਾਰੀ ’ਚ ਬੰਦ ਕਰ ਲੈਂਦੇ ਨੇ ਤੇ ਲੋੜ ਅਨੁਸਾਰ ਵਰਤਦੇ ਰਹਿੰਦੇ ਹਨ। ਸਿਆਸਤਦਾਨ ਨੌਜਵਾਨਾਂ ਨੂੰ ਫੋਕੀ ਸ਼ੋਹਰਤ ਦੇ ਰਾਹ ਤੋਰ ਕੇ ਅਪਣੇ ਕੰਮ ਕਢਵਾਉਂਦੇ ਰਹਿੰਦੇ ਹਨ। ਨੌਜੁਵਾਨ ਫੋਕੀ ਠਾਠ ਦੇ ਚੱਕਰਵਿਊ ’ਚ ਫਸ ਕੇ ਰਹਿ ਜਾਂਦਾ ਹੈ।

ਲੰਮੇ ਸਮੇਂ ਤੋਂ ਦੁਨੀਆਂ ਦੀਆਂ ਅੱਖਾਂ ’ਚ ਪਏ ਮਿੱਟੀ ਦੇ ਕਣਾਂ ਵਾਂਗ ਪੰਜਾਬ ਰੜਕ ਰਿਹਾ ਹੈ। ਅੰਗਰੇਜ਼ਾਂ ਨੇ ਸਾਰੇ ਭਾਰਤ ’ਤੇ ਅਪਣਾ ਰਾਜ ਕਾਇਮ ਕਰ ਲਿਆ ਸੀ। ਪੰਜਾਬ ਨੂੰ ਛੱਡ, ਪੰਜਾਬ ਤੇ ਉਹ ਅਪਣਾ ਰਾਜ ਤਕਰੀਬਨ 100 ਸਾਲ ਬਾਅਦ ਹੀ ਕਰ ਸਕੇ, ਉਹ ਵੀ ਸਿੱਧੀ ਲੜਾਈ ਲੜ ਕੇ ਨਹੀਂ ਬਲਕਿ ਅਸਿੱਧੇ ਤੌਰ ’ਤੇ ਡੋਗਰਿਆਂ ਦੀ ਮਦਦ ਨਾਲ, ਜੋ ਮਾਹਾਰਾਜਾ ਰਣਜੀਤ ਸਿੰਘ ਦੇ ਰਾਜ ’ਚ ਘੁਣ ਦਾ ਕੰਮ ਕਰ ਰਹੇ ਸਨ। ਅਜ਼ਾਦੀ ਤੋਂ ਲਗਭਗ ਵੀਹ ਸਾਲ ਪਹਿਲਾਂ ਹੀ ਪੰਜਾਬ ਦੇ ਉਜਾੜੇ ਦੀ ਨੀਂਹ ਅੰਗਰੇਜ਼ਾਂ ਦੀ ਸੋਚ ’ਚ ਰੱਖੀ ਗਈ। ਅਜ਼ਾਦੀ ਵਕਤ ਵੀ ਪੰਜਾਬ ਦੇ ਟੁਕੜੇ ਕਰ ਦਿਤੇ ਗਏ। ਉਸ ਸਮੇਂ ਤੋਂ ਹੀ ਟੇਢੇ ਵਿੰਗੇ ਢੰਗ ਨਾਲ ਪੰਜਾਬ ਦਾ ਨੁਕਸਾਨ ਚਲਦਾ ਆ ਰਿਹਾ ਹੈ। ਇਕ ਪੀੜ੍ਹੀ 84 ਨਿਗਲ ਗਈ। ਉਸ ਤੋਂ ਬਾਅਦ ਜਿਹੜੀ ਰਹਿ ਗਈ 90-95 ਤਕ ਉਸ ਤੇ ਪੰਜਾਬ ਪੁਲਿਸ ਨੇ ਤਸ਼ੱਦਦ ਢਾਹਿਆ। ਅੱਜ ਨਸ਼ਿਆਂ ਅਤੇ ਗੈਂਗਸਟਰਾਂ ਦੇ ਕਾਲੇ ਸਾਗਰ ਨਿਗਲ ਰਹੇ ਹਨ। ਇਕ ਪੀੜ੍ਹੀ ਵਧੀਆ ਭਵਿੱਖ ਦੀ ਕਸ਼ਤੀ ’ਚ ਬਿਠਾ ਵਿਦੇਸ਼ਾਂ ਵਲ ਰੋੜ੍ਹੀ ਜਾ ਰਹੀ ਹੈ।

ਗੈਂਗਸਟਰ ਪੈਦਾ ਕਿੱਥੋਂ ਹੁੰਦੇ ਹਨ? ਜਿਥੋਂ ਵਿਦਿਆਰਥੀ ਵਕੀਲ, ਡਾਕਟਰ, ਅਧਿਆਪਕ, ਇੰਜਨੀਅਰ, ਖੋਜੀ, ਵਿਦਵਾਨ, ਕਵੀ, ਇਤਿਹਾਸਕਾਰ, ਫ਼ਿਲਾਸਫ਼ਰ, ਗੀਤਕਾਰ, ਵੱਡੇ-ਵੱਡੇ ਨਾਇਕ ਬਣ ਕੇ ਨਿਕਲਦੇ ਹਨ ਉਥੋਂ ਹੀ ਗੈਂਗਸਟਰ ਪੈਦਾ ਹੁੰਦੇ ਹਨ। ਕਾਲਜਾਂ-ਯੂਨੀਵਰਸਟੀਆਂ ਤੋਂ ਸ਼ੁਰੂਆਤ ਹੁੰਦੀ ਹੈ। ਕਿਵੇਂ ਹੁੰਦੀ ਹੈ? ਵਿਦਿਆਰਥੀ ਯੂਨੀਅਨਾਂ ਦੀ ਨੁਮਾਇੰਦਗੀ ਲਈ ਪ੍ਰਧਾਨਗੀ ਦੀਆਂ ਚੋਣਾਂ ਹੁੰਦੀਆਂ ਹਨ ਜੋ ਵਿਦਿਆਰਥੀਆਂ ਦੇ ਸਿਖਿਆਂ ਦੇ ਖੇਤਰ ’ਚ ਸੰਸਥਾਵਾਂ ਵਲੋਂ ਕੋਈ ਧੱਕਾ ਹੁੰਦਾ ਹੈ ਤਾਂ ਉਸ ਵਿਰੁਧ ਡੱਟ ਕੇ ਹੱਕ ਦੀ ਗੱਲ ਕਰੇ, ਉਸ ਲਈ ਕਾਲਜ/ ਯੂਨੀਵਰਸਟੀਆਂ ’ਚ ਚੋਣਾਂ ਰਾਹੀ ਇਕ ਨੁਮਾਇੰਦਾ ਚੁਣਿਆ ਜਾਂਦਾ ਹੈ। ਇਹ ਸਹੀ ਵੀ ਹੈ ਪਰ ਇਸ ਦੇ ਚੱਕਰ ’ਚ ਸਿਆਸੀ ਚੋਣਾਂ ਵਾਂਗ ਝਗੜੇ ਹੋ ਜਾਂਦੇ ਹਨ ਜੋ ਵੱਡੀਆਂ ਰੰਜ਼ਸ਼ਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਫਿਰ ਅੱਗੇ ਜਾ ਕੇ ਇਹ ਗੈਂਗਸਟਰਾਂ ਦਾ ਰੂਪ ਧਾਰਨ ਕਰ ਜਾਂਦੇ ਹਨ। ਬਹੁਤਿਆਂ ਦੀ ਪੜ੍ਹਾਈ ਲਿਖਾਈ ਵਿਚੇ ਹੀ ਛੁੱਟ ਜਾਂਦੀ ਹੈ। ਇਨ੍ਹਾਂ ਨੂੰ ਰਾਜਸੀ ਲੋਕਾਂ ਦਾ ਥਾਪੜਾ ਪ੍ਰਾਪਤ ਹੁੰਦਾ ਹੈ ਜਿਸ ਦੇ ਚਲਦੇ ਮਹੌਲ ਖਰਾਬ ਹੁੰਦਾ ਹੈ। ਕਾਲਜਾਂ-ਯੂਨਵਰਸਿਟੀਆਂ ’ਚ ਪ੍ਰਧਾਨਗੀਆਂ ਨੂੰ ਲੈ ਕੇ ਕਈ ਫਿਲਮਾਂ ਵੀ ਬਣ ਚੁਕੀਆਂ ਹਨ ਜਿਨ੍ਹਾਂ ’ਚ ਰਾਜਸੀ ਲੋਕਾਂ ਦੀ ਸਿੱਧੀ ਘੁਸਪੈਠ ਦਾ ਜ਼ਿਕਰ ਮਿਲਦਾ ਹੈ। ਮੈਂ ਅਪਣੀ ਜ਼ਿੰਦਗੀ ’ਚ ਦੋ ਲੜਾਈਆਂ ਪ੍ਰਧਾਨਗੀ ਦੇ ਚੱਕਰ ’ਚ ਅੱਖੀਂ ਵੇਖੀਆਂ ਹਨ ਜਿੱਥੇ ਵੋਟਾਂ ਨਹੀਂ ਧੱਕੇ ਦਾ ਸੋਟਾ ਚਲਿਆ। ਇਨ੍ਹਾਂ ਲੜਾਈਆਂ ਦੌਰਾਨ ਦਰਜਨਾਂ ਵਿਦਿਆਰਥੀ ਕਾਲਜਾਂ ’ਚੋਂ ਕੱਢੇ ਗਏ।

ਕਿੰਨਿਆਂ ਦਾ ਭਵਿੱਖ ਧੁੰਦਲਾ ਹੋ, ਜੁਰਮ ਦੀ ਦੁਨੀਆਂ ਵਲ ਵੱਧ ਗਿਆ। ਅੱਜਕਲ ਹਰ ਛੋਟੇ ਵੱਡੇ ਕਾਲਜ ’ਚ ਇਹੀ ਰੌਲਾ ਪਿਆ ਰਹਿੰਦਾ ਹੈ। ਹਰ ਵਿਦਿਆਰਥੀ ਜਥੇਬੰਦੀ ਸਿੱਧੇ ਤੌਰ ਤੇ ਰਾਜਨੀਤਕ ਪਾਰਟੀਆਂ ਨਾਲ ਸਬੰਧ ਰਖਦੀ ਹੈ ਜਿਨ੍ਹਾਂ ਤੋ ਸਿਆਸੀ ਲੋਕ ਅਪਣੀਆਂ ਚੋਣਾਂ ਦੌਰਾਨ ਤੇ ਪੁੱਠੇ ਸਿੱਧੇ ਕੰਮਾਂ ਲਈ ਵਰਤਦੇ ਰਹਿੰਦੇ ਹਨ। ਅਗਸਤ 2021 ’ਚ ਮਿੱਢੂ ਖੇੜਾ ਦਾ ਦਿਨ ਦਿਹਾੜੇ ਸ਼ਰੇਆਮ ਕਤਲ ਹੋਇਆ ਜੋ ਅਕਾਲੀ ਪਾਰਟੀ ਦਾ ਹੀ ਅਹੁਦੇਦਾਰ ਸੀ। ਇਸ ਤੋਂ ਬਾਅਦ ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਅੰਬੀਆਂ ਦਾ ਖੇਡ ਦੇ ਮੈਦਾਨ ’ਚ ਸ਼ਰੇਆਮ ਕਤਲ ਕਰ ਦਿਤਾ ਜਾਂਦਾ ਹੈ ਜੋ ਇਕ ਬਹੁਤ ਹੀ ਨਿੰਦਣਯੋਗ ਗੱਲ ਹੈ। ਸਰੀਰ ਬਣਾਉਣੇ, ਨਾਮ ਕਮਾਉਣਾ ਕਿੰਨੀ ਮਿਹਨਤ ਲਗਦੀ ਹੈ। ਦਿਨ-ਰਾਤ ਇਕ ਕਰ ਖੇਡਾਂ ’ਚ ਅਪਣਾ ਤੇ ਦੇਸ਼ ਦਾ ਨਾਮ ਰੌਸ਼ਨ ਹੁੰਦਾ ਹੈ। ਨਫ਼ਰਤ ਮਾਂ-ਪਿਉ ਨੂੰ ਭੁਲਾ ਦਿੰਦੀ ਹੈ। ਰਾਜਨੀਤੀ ਵਾਲੇ ਅਪਣਾ ਕੰਮ ਸ਼ੁਰੂ ਕਰ ਦਿੰਦੇ ਨੇ ਭਾਵ ਆਪੇ ਅੱਗ ਲਾ ਕੇ, ਪਾਣੀ ਨੂੰ ਦੌੜ ਪੈਂਦੇ ਨੇ।

ਕੁੱਝ ਸਮਾਂ ਪਹਿਲਾ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਵੀ ਦਿਨ ਦਿਹਾੜੇ ਕਤਲ ਕਰ ਦਿਤਾ ਗਿਆ। ਉਹ ਵੀ ਅਜਿਹੇ ਹਥਿਆਰ ਨਾਲ ਜੋ ਕਿਸੇ ਹੋਰ ਦੇਸ਼ ਕੋਲ ਨਹੀਂ ਕੇਵਲ ਰੂਸ ਕੋਲ ਹੈ। ਸਰਕਾਰ ’ਤੇ ਉਂਗਲ ਉਠਾਉਣੀ ਵਾਜਬ ਹੈ। ਏਐਨ-94 ਆਦਿ ਹਥਿਆਰਾਂ ਨਾਲ ਗੋਲੀਆਂ ਨਾਲ ਭੁੰਨ ਦਿਤਾ ਗਿਆ। ਮੈਂ ਕਦੇ ਸਿੱਧੂ ਦੇ ਗਾਣੇ ਨਹੀਂ ਸੁਣੇ ਸੀ ਪਰ ਇਕ ਗਾਣਾ ਸੁਣਿਆ ਸੀ ਜੋ ਉਸ ਨੇ ਵਿਧਾਨ ਸਭਾ ਚੋਣ ਹਾਰਨ ਤੋਂ ਬਾਅਦ ਨਿਹੋਰਾ ਮਾਰਿਆ ਸੀ, ਜੋ ਮੈਨੂੰ ਚੰਗਾ ਵੀ ਲੱਗਾ ਸੀ। ਸਿੱਧੂ ਦੀ ਮੌਤ ਦਾ ਅਫ਼ਸੋਸ ਸਾਰੀ ਦੁਨੀਆਂ ਕਰ ਰਹੀ ਹੈ।

ਤਿੰਨ-ਚਾਰ ਸਾਲ ਦੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਉਸ ਨੂੰ ਜਾਣਦੇ ਹਨ। ਐਨਾ ਮਸ਼ਹੂਰ ਸ਼ਾਇਦ ਦੁਨੀਆਂ ’ਚ ਕੋਈ ਪੰਜਾਬੀ ਗਾਇਕ ਨਹੀਂ ਹੋਇਆ। ਕੁੱਝ ਵੀ ਹੋਵੇ ਇਸ ’ਚ ਬਹੁਤ ਵੱਡੀਆਂ ਤਾਕਤਾਂ ਦਾ ਹੱਥ ਹੈ। ਪੰਜਾਬ ਬਦਨਾਮ ਹੋ ਰਿਹਾ ਹੈ ਜਾਂ ਕੀਤਾ ਜਾ ਰਿਹਾ ਹੈ। ਸਿੱਧੂ ਮੂਸੇਵਾਲਾ ਜੋ ਕੈਨੇਡਾ ਵਰਗੇ ਮੁਲਕ ਨੂੰ ਛੱਡ ਕੇ ਅਪਣੇ ਪਿੰਡ ਮੂਸੇ ਮਾਂ-ਬਾਪ ਕੋਲ ਆ ਕੇ ਰਹਿਣ ਲਗਦਾ ਹੈ, ਉਹ ਵੀ ਉਸ ਸਮੇਂ ਜਦੋਂ ਸਾਰੀ ਨਵੀਂ ਪੀੜੀ ਵਿਦੇਸ਼ਾਂ ਵਲ ਵਹੀਰਾਂ ਘੱਤ ਰਹੀ ਹੈ। ਕਿੰਨਾ ਵੱਡਾ ਸੰਦੇਸ਼ ਸੀ ਪੰਜਾਬੀ ਨੌਜੁਵਾਨੀ ਨੂੰ ਖ਼ਾਸ ਬਣ ਕੇ ਵੀ ਆਮ ਲੋਕਾਂ ਦੀ ਤਰ੍ਹਾਂ ਅਪਣੇ ਲੋਕਾਂ ’ਚ ਵਿਚਰਣਾ, ਖੇਤਾਂ ’ਚ ਕੰਮ ਕਰਨਾ, ਇਹ ਬਹੁਤ ਵੱਡਾ ਸੁਨੇਹਾ ਸੀ ਜੋ ਰਾਹ ਵਿਚਕਾਰ ਹੀ ਲਾਪਤਾ ਕਰ ਦਿਤਾ ਗਿਆ। ਮੂਸੇਵਾਲੇ ਦੀ ਮੌਤ ਨਾਲ ਪੰਜਾਬ ਦਾ ਨਾਮ ਪੂਰੀ ਦੁਨੀਆਂ ’ਚ ਖਰਾਬ ਹੋਇਆ ਹੈ ਕਿਉਂਕਿ ਉਸ ਦੀ ਪਛਾਣ ਦਾ ਦਾਇਰਾ ਵਿਸ਼ਾਲ ਸੀ।




ਗੈਂਗਸਟਰ ਵੀ ਸਾਡੇ ਪੰਜਾਬ ਦੇ ਹੀ ਗੱਭਰੂ ਹਨ ਪਰ ਸਾਰੇ ਨਹੀਂ ਜਿਨ੍ਹਾਂ ਨੂੰ ਸਿਸਟਮ ਨੇ ਇਨਸਾਨ ਦੀ ਥਾਂ ਹੈਵਾਨ ਬਣਾ ਦਿਤਾ ਹੈ। ਮੈਂ ਪੰਜਾਬ ਦੇ ਸਾਰੇ ਨਾਮੀ ਗੈਂਗਸਟਰਾਂ ਨੂੰ ਅਪੀਲ ਕਰਦਾ ਹਾਂ ਕਿ ਤੁਹਾਡੇ ਮਾਪਿਆਂ ਨੇ ਤੁਹਾਨੂੰ ਪਾਲ ਪੋਸ ਕੇ ਵੱਡਾ ਕੀਤਾ ਹੈ, ਇਹ ਸੋਚ ਕੇ ਕਿ ਅਪਣਾ ਭਵਿੱਖ ਸਵਾਰਨਗੇ ਤੇ ਸਾਡੇ ਬੁਢਾਪੇ ਦੀ ਲਾਠੀ ਬਣਨਗੇ। ਲੋਕ ਤਾਂ ਕਹਿੰਦੇ ਹਨ ਕਿ ਗੈਂਗਸਟਰਾਂ ਨੂੰ ਮਾਰ ਮੁਕਾਉਣਾ ਚਾਹੀਦਾ ਹੈ ਪਰ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀ ਅਪਣੀ ਤਾਕਤ ☞

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration
New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE IMMIGRATION & SETTLEMENT INC. Professional Dedicated Committed
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

ਗ਼ਲਤ ਪਾਸੇ ਲਗਾ ਰਹੇ ਹੋ। ਬਰੂਦ ਦੇ ਢੇਰ ਨੂੰ ਅੱਗ ਲਗਾ ਕੇ ਅਪਣੀ ਜ਼ਿੰਦਗੀ ਵਿਚ ਚਾਨਣ ਕਰਨਾ ਚਾਹੁੰਦੇ ਹੋ। ਪਰ ਇਸ ਨਾਲ ਤੁਹਾਡੀ ਜ਼ਿੰਦਗੀ ਵਿਚ ਹੋਰ ਹਨੇਰਾ ਤਾਂ ਛਾ ਸਕਦਾ ਪਰ ਚਾਨਣ ਕਦੇ ਨਹੀਂ ਆਉਣਾ, ਇਹ ਗੱਲ ਪੱਕੀ ਹੈ। ਤੁਸੀ ਅਪਣੀ ਜਵਾਨੀ ਦੀ ਤਾਕਤ ਨੂੰ ਸਿੱਧੇ ਰਾਹ ਪੈ ਕੇ ਸਹੀ ਜਗ੍ਹਾ ਲਗਾ ਸਕਦੇ ਹੋ। ਜੇ ਤੁਸੀ ਪੰਜਾਬ ਨੂੰ ਪਿਆਰ ਕਰਦੇ ਹੋ, ਜਿੱਥੇ ਤੁਹਾਡਾ ਬਚਪਨ ਗੁਜ਼ਰਿਆ ਹੈ, ਉਨ੍ਹਾਂ ਸੁਨਹਿਰੀ ਪਲਾਂ ਦਾ ਪੱਲਾ ਫੜ ਕੇ, ਜ਼ੁਲਮ ਦੀ ਦੁਨੀਆਂ ਨੂੰ ਅਲਵਿਦਾ ਕਹਿ ਕੇ, ਪੰਜਾਬ ਲਈ ਸਮਾਜ ਸੁਧਾਰ ਦੇ ਕੰਮ ਕਰ ਕੇ ਵੇਖੋ, ਨਾਲੇ ਪੂਰੀ ਦੁਨੀਆਂ ਵਿਚ ਇੱਜ਼ਤ ਮਿਲੇਗੀ। ਨਾਲ ਹੀ ਜਿਹੜੇ ਲੋਕ ਅੱਜ ਨਫ਼ਰਤ ਨਾਲ ਵੇਖ ਰਹੇ ਹਨ, ਉਹ ਵੀ ਤੁਹਾਨੂੰ ਪਿਆਰ ਨਾਲ ਵੇਖਣਗੇ। ਹਨੇਰੇ ਵਿਚ ਖੋ ਚੁੱਕੇ ਮਾਂ-ਪਿਉ ਨੂੰ ਉਹਨਾਂ ਦੇ ਪੁੱਤਰ ਮਿਲ ਜਾਣਗੇ। ਪੰਜਾਬ ਦਾ ਕਰਜ ਉਤਾਰਨ ਦਾ ਮੌਕਾ ਵੀ ਮਿਲ ਜਾਵੇਗਾ। ਆਪਾਂ ਪੰਜਾਬ ਦੀ ਧਰਤੀ ਨੂੰ ਹਰ ਪੱਖੋਂ ਪਹਿਲਾਂ ਵਾਂਗ ਸਾਫ਼ ਸੁਥਰਾ ਬਣਾਉਣਾ ਹੈ ਨਾਕਿ ਖਰਾਬ ਸੋਚ ਦੇ ਧੱਕੇ ਪਾਉਣੇ ਨੇ। ਬਸ ਗੱਲ ਐਨੀ ਹੈ ਕਿ ਤਾਕਤ ਪੁੱਠੇ ਪਾਸੇ ਲੱਗ ਗਈ ਤਾਂ ਸਾਹ ਖਰਾਬ ਹੋ ਜਾਣਗੇ ਤੇ ਸਮਾਜ ਲਾਹਨਤਾਂ ਪਾਵੇਗਾ। ਪ੍ਰੰਤੂ ਜੇ ਸਿੱਧੇ ਪਾਸੇ ਪੈ ਗਏ ਤਾਂ ਚੰਗਾ ਕਹੇਗਾ ਸਿਫਤਾ ਕਰੇਗਾ। ਸਾਰੇ ਗੈਂਗਸਟਰਾਂ ਨੂੰ ਮੈਂ ਦਸਣਾ ਚਾਹੁੰਦਾ ਹਾਂ ਕਿ ਤੁਹਾਡੇ ਸਾਹਮਣੇ ਦੋ ਉਦਾਹਰਣਾਂ ਹਨ, ਇਕ ਪੰਜਾਬ ਦੇ ਗੈਂਗਸਟਰ ਮਿੰਟੂ ਗੁਰਸਰੀਆ ਦੀ ਜੋ ਕਿ ਅਪਣੀ ਹਨੇਰੇ ਦੀ ਜ਼ਿੰਦਗੀ ਨੂੰ ਅਲਵਿਦਾ ਕਹਿ ਕੇ ਅੱਜ ਸਮਾਜ ਲਈ ਉਦਾਹਰਣ ਬਣੀ ਬੈਠਾ ਹੈ। ਉਹ ਇਕ ਗੈਂਗਸਟਰ ਤੋਂ ਬਦਲ ਕੇ ਅਪਣੀ ਪਛਾਣ ਇਕ ਲੇਖਕ ਤੇ ਪੱਤਰਕਾਰ ਵਜੋਂ ਬਣਾ ਚੁੱਕਾ ਹੈ। ਉਹ ਅੱਜ ਕਲਮ ਦਾ ਧਨੀ ਬਣ ਚੁੱਕਾ ਹੈ ਤੇ ਸਮਾਜ ਲਈ ਇਕ ਰਾਹ ਦਸੇਰਾ ਬਣ ਗਿਆ ਹੈ। ਉਹ ਅਪਣੇ ਜੀਵਨ ਦੇ ਕਾਲੇ ਦੌਰ ਬਾਰੇ ਦਸ ਕੇ ਪੂਰੀ ਦੁਨੀਆਂ ਨੂੰ ਨਸੀਹਤਾਂ ਦੇ ਘੜੇ ਵਿਚ ਪਾਣੀ ਪਿਆ ਰਿਹਾ ਹੈ। ਇਸੇ ਤਰ੍ਹਾਂ ਲੱਖਾ ਸਿਧਾਣਾ ਜੋ ਇਕ ਨਾਮੀ ਗੈਂਗਸਟਰ ਸੀ, ਅਪਣੀ ਜ਼ੁਰਮ ਦੀ ਦੁਨੀਆਂ ਦੇ ਚਿੱਕੜ ਵਿਚੋਂ ਕਮਲ ਦੇ ਫੁੱਲ ਵਾਂਗ ਨਿਖਰ ਕੇ ਨਿਕਲਿਆ ਹੈ। ਉਹ ਅੱਜ ਪੰਜਾਬ ਦੀ ਨੌਜੁਆਨੀ ਦੀ ਆਵਾਜ਼ ਬਣ ਗਿਆ ਹੈ। ਕਿਸਾਨੀ ਅੰਦੋਲਨ ਵਿਚ ਵੀ ਉਹ ਨੇ ਅਪਣਾ ਨਾਮ ਬਣਾਇਆ ਹੈ। ਪੰਜਾਬ ਦੇ ਹੱਕਾਂ ਲਈ ਅਹਿਮ ਮੱਦਿਆਂ ਤੇ ਅੱਜ ਬੁਲੰਦ ਅਵਾਜ਼ ਵਿਚ ਮੁੱਦੇ ਚੁੱਕ ਰਿਹਾ ਹੈ। ਜਿਸ ਨੂੰ ਕਦੇ ਸਮਾਜ ਲਾਹਨਤਾਂ ਪਾਉਂਦਾ ਸੀ, ਉਹੀ ਅੱਜ ਦੀ ਨੌਜੁਆਨੀ ਦਾ ਚਹੇਤਾ ਬਣ ਗਿਆ ਹੈ। ਉਸ ਨੇ ਸਭ ਤੋਂ ਪਹਿਲਾਂ ਪੰਜਾਬੀ ਮਾਂ ਬੋਲੀ ਲਈ ਆਵਾਜ਼ ਬੁਲੰਦ ਕੀਤੀ ਤੇ ਅੱਜ ਪੰਜਾਬ ਦੇ ਹਰ ਮੁੱਦੇ ਦੀ ਆਵਾਜ਼ ਲਈ ਲੱਖੇ ਸਿਧਾਣੇ ਦਾ ਯੋਗਦਾਨ ਹੈ। ਤੁਸੀ ਨਾਮ ਹੀ ਕਮਾਉਣਾ ਹੈ ਤਾਂ ਪੰਜਾਬ ਦੇ ਹਿੱਤਾਂ ਲਈ ਲੜ ਕੇ ਵੇਖੋ, ਨਾਲੇ ਪਿਆਰ ਮਿਲੇਗਾ ਤੇ ਨਾਲੇ ਚੰਗੀ ਪਛਾਣ ਮਿਲੇਗੀ। ਮਾਂ-ਪਿਉ ਨੂੰ ਗੁਆਚ ਚੁਕਿਆ ਪੁੱਤ ਮਿਲ ਜਾਵੇਗਾ। ਜ਼ਿੰਦਗੀ ਦਾ ਅਨੰਦ ਕਿਸੇ ਨੂੰ ਮਾਰ ਕੇ ਨਹੀਂ ਬਲਕਿ ਬਚਾ ਕੇ ਮਿਲਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਿਗੜਿਆ। ਇਹ ਜੀਵਨ ਵਾਰ ਵਾਰ ਨਹੀ ਮਿਲਣਾ, ਇਸ ਨੂੰ ਐਵੇਂ ਭੰਗ ਦੇ ਭਾੜੇ ਨਾ ਗਵਾਉ। ਚੰਗੇ ਕੰਮ ਕਰਨ ਵਾਲਿਆਂ ਦਾ ਨਾਮ ਸਦਾ ਇਤਿਹਾਸ ਦੇ ਵਿਚ ਜਿਊਂਦਾ ਰਹਿੰਦਾ ਹੈ ਤੇ ਜ਼ੁਰਮ ਦੀ ਦੁਨੀਆਂ ਦਾ ਤਾਂ ਧੂੰਏਂ ਦੇ ਬੱਦਲ ਹੁੰਦੇ ਹਨ। ਆਪਾਂ ਵੀ ਇਕ ਦਿਨ ਮਰ ਜਾਣਾ ਹੈ। ਦਸ ਕਰੋੜ ਲੋਕਾਂ ਨੂੰ ਮਾਰਨ ਵਾਲਾ ਚੰਗੇਜ਼ ਖ਼ਾਨ ਵੀ ਅਖ਼ੀਰ ਮਰ ਗਿਆ। ਇਕ ਪਾਸੇ ਹਨੇਰਾ ਤੇ ਦੂਜੇ ਪਾਸੇ ਚਾਨਣ ਹੈ, ਫ਼ੈਸਲਾ ਤੁਸੀ ਕਰਨਾ ਹੈ। ਇਕ ਪਾਸੇ ਇੱਜ਼ਤ ਤੇ ਦੂਜੇ ਪਾਸੇ ਲਾਹਨਤਾਂ।

ਸੋ ਵੀਰੋ! ਗੱਲ ਚੰਗੀ ਲੱਗੀ ਤਾਂ ਅਪਣਾ ਲੈਣਾ ਨਹੀਂ ਤਾਂ ਤੁਹਾਡੀ ਸਮਝ ਹੈ ਕਿ ਜੁਰਮ ਦੇ ਹਨੇਰੇ ਵਿਚ ਹੀ ਭਟਕਣਾ ਹੈ ਜਾਂ ਫਿਰ ਚਾਨਣ ਦੀ ਭਾਲ ਕਰਨੀ ਹੈ। ਬਾਕੀ ਸਰਕਾਰਾਂ, ਏਜੰਸੀਆਂ ਵਰਤਦੀਆਂ ਰਹਿਣਗੀਆਂ ਤੇ ਫਿਰ ਵਰਤੀ ਹੋਈ ਚੀਜ਼ ਨੂੰ ਟਿਕਾਣੇ ਵੀ ਆਪੇ ਲਗਾ ਦਿੰਦੀਆਂ ਹਨ।

## (ਮੁੱਖ ਪੰਨੇ ਦੀ ਬਾਕੀ)

ਸੀ। ਕਾਮਨਵੈਲਥ ਖੇਡ ਵਿਚ ਕੁਸ਼ਤੀ ਮੁਕਾਬਲਿਆਂ ਦੌਰਾਨ ਕੈਨੇਡਾ ਦੇ ਖਾਲਸਾ ਰੈਸਲਿੰਗ ਕਲੱਬ ਦੇ ਪਹਿਲਵਾਨ ਅਮਰਵੀਰ ਸਿੰਘ ਢੇਸੀ ਨੇ 125 ਕਿਲੋ ਭਾਰ ਵਰਗ 'ਚ ਗੋਲਡ ਮੈਡਲ ਜਿੱਤ ਕੇ ਰਾਹ ਵਿਖਾਈ ਹੈ। ਬੇਹਾਦ ਦਿਲਚਸਪ ਮੁਕਾਬਲਿਆਂ ਵਿਚ ਅਮਰਵੀਰ ਸਿੰਘ ਢੇਸੀ ਨੇ ਪਹਿਲਾਂ ਭਾਰਤੀ ਪਹਿਲਵਾਨ ਮੋਹਿਤ ਗਰੇਵਾਲ ਨੂੰ ਸੈਮੀ ਫਾਈਨਲ ਹਰਾਇਆ ਅਤੇ ਫਾਈਨਲ ਵਿਚ ਪਾਕਿਸਤਾਨੀ ਪਹਿਲਵਾਨ ਜ਼ਮਾਨ ਅਨਵਰ ਨੂੰ ਹਰਾ ਕੇ ਸੋਨੇ ਦਾ ਤਮਗਾ ਕੈਨੇਡਾ ਲਈ ਜਿੱਤਿਆ ਹੈ। ਰਾਸ਼ਟਰ ਮੰਡਲ ਖੇਡਾਂ 'ਚ ਅਮਰਵੀਰ ਸਿੰਘ ਢੇਸੀ ਨੇ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਆਪਣੇ ਪਿਤਾ ਸ਼ੀਰੀ ਪਹਿਲਵਾਨ ਬਲਬੀਰ ਸਿੰਘ ਢੇਸੀ ਦੇ ਨਾਂ ਨੂੰ ਚਾਰ ਚੰਨ ਲਾਏ ਹਨ, ਜਿਨ੍ਹਾਂ ਨੇ ਅਨੇਕਾਂ ਪਹਿਲਵਾਨਾਂ ਨੂੰ ਥਾਪੜਾ ਦੇ ਕੇ ਜਿੱਤਣ ਦੇ ਕਾਬਲ ਬਣਾਇਆ ਹੈ। ਬਲਵੀਰ ਸਿੰਘ ਢੇਸੀ ਉਰਫ ਸ਼ੀਰੀ ਪਹਿਲਵਾਨ ਦਾ ਪੰਜਾਬ ਤੋਂ ਪਿਛਲਾ ਪਿੰਡ ਜ਼ਿਲ੍ਹਾ ਜਲੰਧਰ ਵਿਚ ਆਦਮਪੁਰ ਦਿੱਲੀ ਸੰਗਵਾਲ ਹੈ। ਆਪ ਨੇ ਕੈਨੇਡਾ ਆ ਕੇ ਪਹਿਲਵਾਨਾਂ ਨੂੰ ਉਤਸ਼ਾਹਤ ਕੀਤਾ ਅਤੇ ਸਰੀ 'ਚ ਖਾਲਸਾ ਰੈਸਲਿੰਗ ਕਲਾਬ ਦੀ ਸਥਾਪਨਾ 1976 'ਚ ਕੀਤੀ। ਹੁਣ ਤਕ ਅਨੇਕਾਂ ਵਾਰ ਖ਼ਾਲਸਾ ਰੈਸਲਿੰਗ ਕਲਾਬ ਸ਼ਾਨਦਾਰ ਪ੍ਰਾਪਤੀਆਂ ਕਰ ਚੁਕਿਆ ਹੈ। ਇਨ੍ਹਾਂ ਪ੍ਰਾਪਤੀਆਂ ਦੀ ਲੜੀ ਵਿਚ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ, ਐਬਟਸਫੋਰਡ ਦੇ ਪਹਿਲਵਾਨ ਨਿਸ਼ਾਨਪ੍ਰੀਤ ਸਿੰਘ ਰੰਧਾਵਾ 97 ਕਿਲੋਗ੍ਰਾਮ ਵਰਗ ਵਿਚ ਰਾਸ਼ਟਰਮੰਡਲ ਕੁਸ਼ਤੀ ਮੁਕਾਬਲਿਆਂ ਵਿਚ, ਦੱਖਣੀ ਅਫ਼ਰੀਕਾ ਦੇ ਪਹਿਲਵਾਨ ਨੂੰ ਫਾਈਨਲ ਵਿਚ ਹਰਾ ਕੇ, ਕੈਨੇਡਾ ਲਈ ਗੋਲਡ ਮੈਡਲ ਜਿੱਤਿਆ ਹੈ। ਨਿਸ਼ਾਨਪ੍ਰੀਤ ਸਿੰਘ ਨੇ ਇਸ ਤੋਂ ਪਹਿਲੇ ਮੁਢਲੇ ਮੈਚਾਂ 'ਚ ਪਾਕਿਸਤਾਨ ਅਤੇ ਭਾਰਤ ਦੇ ਪਹਿਲਵਾਨਾਂ ਨੂੰ ਹਰਾਇਆ। ਐਬਟਸਫੋਰਡ ਵਾਸੀ ਗੁਰਜੀਤ ਸਿੰਘ ਰੰਧਾਵਾ ਅਤੇ ਕੁਲਵੰਤ ਕੌਰ ਰੰਧਾਵਾ ਦਾ ਹੋਣਹਾਰ ਸਪੁੱਤਰ ਅਤੇ ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਬਾਨੀ ਪਹਿਲਵਾਨ ਬੂਟਾ ਸਿੰਘ ਢੀਂਡਸਾ ਦਾ ਭਾਣਜਾ ਨਿਸ਼ਾਨ ਰੰਧਾਵਾ ਇਸ ਤੋਂ ਪਹਿਲਾਂ ਵੀ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿਚ ਕਈ ਮੈਡਲ ਜਿੱਤ ਚੁੱਕਿਆ ਹੈ, ਜਦਕਿ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਮੁਕਾਬਲਿਆਂ ਵਿਚ ਤਿੰਨ ਵਾਰ ਜੇਤੂ ਰਿਹਾ ਹੈ। ਉਹ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਤਕ ਬੀਸੀ ਰੈਸਲਿੰਗ ਚੈਂਪੀਅਨਸ਼ਿਪ ਦਾ ਜੇਤੂ ਰਿਹਾ, ਜਦਕਿ ਸਪੇਨ, ਕਿਊਬਾ ਅਤੇ ਹੋਰਨਾਂ ਵਖ-ਵਖ ਥਾਵਾਂ 'ਤੇ ਸਫਲ ਰਿਹਾ। ਪੰਜਾਬ ਤੋਂ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਟਾਲਾ ਸਾਇੰਸ ਸਿਟੀ ਨਾਲ ਸੰਬੰਧਤ ਨਿਸ਼ਾਨਪ੍ਰੀਤ ਸਿੰਘ ਰੰਧਾਵਾ ਨੇ ਰਾਸ਼ਟਰਮੰਡਲ ਖੇਡਾਂ ਵਿਚ ਜਿੱਤ ਹਾਸਿਲ ਕਰਕੇ ਕੈਨੇਡਾ ਦੇਸ਼ ਤੇ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੈ। ਹੋਰ ਮਾਣ ਵਾਲੀ ਗੱਲ ਹੈ ਕਿ ਮੀਰੀ ਪੀਰੀ ਰੈਸਲਿੰਗ ਕਲੱਬ ਐਬਟਸਫੋਰਡ ਦੇ ਹੋਣਹਾਰ ਪਹਿਲਵਾਨ ਜਸਮੀਤ ਸਿੰਘ ਫੂਲਕਾ ਨੇ 74 ਕਿਲੋਗ੍ਰਾਮ ਵਰਗ ਵਿਾਚ ਬਰਮਿੰਘਮ ਖੇਡਾਂ ਵਿਚ ਕਾਂਸੀ ਦਾ ਤਮਗਾ ਜਿੱਤ ਕੇ ਸਮੂਹ ਕੈਨੇਡੀਅਨ ਭਾਈਚਾਰੇ ਅਤੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਹਰਜੀਤ ਸਿੰਘ ਫੂਲਕਾ ਦੇ ਸਪੁੱਤਰ ਜਸਮੀਤ ਸਿੰਘ ਫੂਲਕਾ ਕਾਮਨਵੈਲਥ ਖੇਡਾਂ ਵਿਚ ਮੰਜ਼ਿਲਾਂ ਤੈਅ ਕਰ ਕੇ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣਿਆ ਹੈ। ਕੈਨੇਡਾ ਦੇ ਜੰਮਪਲ ਜਸਮੀਤ ਸਿੰਘ ਦੇ ਪਿਤਾ ਹਰਜੀਤ ਸਿੰਘ ਫੂਲਕਾ ਦਾ ਜੱਦੀ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਸਥਿਤ ਖਾਖਾਂ ਹੈ ਅਤੇ ਫੂਲਕਾ ਪਰਿਵਾਰ ਨੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਬੈਨਰ ਹੇਠ ਆਪਣੇ ਬੱਚਿਆਂ ਨੂੰ ਉੱਚੀਆਂ ਮੰਜ਼ਿਲਾਂ ਤਕ ਲਿਜਾਣ ਵਿਚ ਵਧੀਆ ਭੂਮਿਕਾ ਨਿਭਾਈ ਹੈ।

ਕਾਮਨਵੈਲਥ ਖੇਡਾਂ ਵਿਚ ਵਿਨੀਪੈਗ ਦੀ ਹੋਣਹਾਰ ਪੰਜਾਬਣ ਪ੍ਰਿਯੰਕਾ ਢਿੱਲੋਂ ਨੇ ਬਾਕਸਿੰਗ ਵਿਚ ਕਾਂਸੀ ਦਾ ਮੈਡਲ ਜਿੱਤ ਕੇ ਸਮੂਹ ਕੈਨੇਡੀਅਨ ਅਤੇ ਵਿਸ਼ੇਸ਼ ਕਰ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਆਰਥਿਕ ਚੁਣੌਤੀਆਂ ਅਤੇ ਲੰਮੇ ਸੰਘਰਸ਼ ਬਾਅਦ ਇਸ ਮੁਕਾਮ 'ਤੇ ਪਹੁੰਚੀ ਪ੍ਰਿਯੰਕਾ ਢਿੱਲੋਂ ਦੀ ਜਿੱਤ ਇਤਿਹਾਸਕ ਹੈ ਅਤੇ ਪੰਜਾਬੀ ਭਾਈਚਾਰੇ ਦਾ ਸਿਰ ਫਖਰ ਨਾਲ ਉੱਚਾ ਕਰਦੀ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਾਲੋਂ ਕੁਲ ਛੇ ਪਹਿਲਵਾਨ ਘੁਲੇ ਸਨ, ਜਿਨ੍ਹਾਂ 'ਚੋਂ ਤਿੰਨ ਸਿੱਖ ਭਾਈਚਾਰੇ ਨਾਲ ਸਬੰਧ ਸਨ ਅਤੇ ਤਿੰਨਾਂ ਨੇ ਹੀ ਮੈਡਲ ਜਿੱਤੇ ਹਨ। ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਜਿਹੜਾ ਮੁਖ- ਧਾਰਾ ਦਾ ਮੀਡੀਆ ਪੰਜਾਬੀ ਨੌਜਵਾਨਾਂ ਬਾਰੇ ਕੇਵਲ ਤੇ ਕੇਵਲ ਡਰੱਗ ਅਤੇ ਹਿੰਸਾ ਦੀਆਂ ਖ਼ਬਰਾਂ ਦਿੰਦਾ ਹੈ, ਕੀ ਉਹ ਇਨ੍ਹਾਂ ਪ੍ਰਾਪਤੀਆਂ ਬਾਰੇ ਵੀ ਜ਼ਿਕਰ ਕਰੇਗਾ? ਖ਼ਾਸ ਤੌਰ 'ਤੇ ਇੰਡੀਅਨ ਮੀਡੀਏ ਦਾ ਅਜਿਹਾ ਦਰਬਾਰੀ ਵਰਗ, ਜਿਹੜਾ ਵਿਦੇਸ਼ਾਂ 'ਚ ਵਾਸਦੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਦਾ, ਕੀ ਇਨ੍ਹਾਂ ਜਿੱਤਾਂ ਦੀ ਵੀ ਚਰਚਾ ਕਰੇਗਾ? ਇਨ੍ਹਾਂ ਸਵਾਲਾਂ ਦਾ ਜਵਾਬ ਨਾਂਹ ਵਿਚ ਹੀ ਮਿਲਦਾ ਹੈ। ਦਰਅਸਲ ਇਨ੍ਹਾਂ ਪ੍ਰਾਪਤੀਆਂ ਬਾਰੇ ਗੋਦੀ ਮੀਡੀਆਕਰਮੀ ਮੌਕਾਪ੍ਰਸਤਾਂ ਦੀਆਂ ਕਲਮਾਂ ਖੁੰਢੀਆਂ ਹੋ ਜਾਂਦੀਆਂ ਹਨ।

ਖ਼ਾਲਸਾ ਰੈਸਲਿੰਗ ਕਲਾਬ ਦੇ ਅਮਰਵੀਰ ਸਿੰਘ ਢੇਸੀ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਦੇ ਨਿਸ਼ਾਨ ਪ੍ਰੀਤ ਸਿੰਘ ਰੰਧਾਵਾ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਜਸਮੀਤ ਸਿੰਘ ਫੂਲਕਾ ਦੇ ਕਲੱਬ/ਅਖਾੜੇ ਦੇ ਪ੍ਰਬੰਧਕ, ਕੋਚ ਅਤੇ ਪਰਿਵਾਰ ਵਧਾਈ ਦੇ ਪਾਤਰ ਹਨ। ਕੌਮਾਂਤਰੀ ਪਾਧਰ 'ਤੇ ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਵਿਚ ਮਲ ਅਖਾੜਿਆਂ ਦੇ ਨਾਂ ਗੁਰੂ ਸਾਹਿਬਾਨ ਅਤੇ ਸਿੱਖ ਵਿਰਾਸਤ ਨੂੰ ਸਮਰਪਿਤ ਹਨ, ਜਿਵੇਂ ਕਿ ਮੀਰੀ ਪੀਰੀ ਰੈਸਲਿੰਗ ਕਲੱਬ, ਖਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਅਖਾੜਾ, ਸ਼ਹੀਦ ਭਾਈ ਭੁਪਿੰਦਰ ਸਿੰਘ ਅਖਾੜਾ ਆਦਿ। ਇਨ੍ਹਾਂ ਅਖਾੜਿਆਂ ਦੇ ਪਹਿਲਵਾਨਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪਿਛਲੇ ਕਈ ਦਹਾਕਿਆਂ ਤੋਂ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ ਹਨ। ਖਾਲਸਾ ਰੈਸਲਿੰਗ ਕਲੱਬ, ਗੁਰੂ ਗੋਬਿੰਦ ਸਿੰਘ ਕੁਸ਼ਤੀ ਅਖਾੜੇ ਅਤੇ ਮੀਰੀ ਪੀਰੀ ਰੈਸਲਿੰਗ ਕਲੱਬ ਦੇ ਇਨ੍ਹਾਂ ਪਹਿਲਵਾਨਾਂ ਦੀ ਮਿਹਨਤ ਅਤੇ ਸਿਰੜ ਦੇ ਇਲਾਵਾ ਸਭ ਤੋਂ ਵੱਡੀ ਬਖਸ਼ਿਸ਼ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਅਤੇ ਖ਼ਾਲਸੇ ਦੇ ਸਿਰਜਕ ਦਸਮੇਸ਼ ਪਿਤਾ ਦਾ ਥਾਪੜਾ ਇਨ੍ਹਾਂ ਦੀ ਪਿੱਠ 'ਤੇ ਹੈ। ਇਨ੍ਹਾਂ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਪ੍ਰਾਪਤੀਆਂ ਨਾਲ ਨਾ ਸਿਰਫ਼ ਸਿੱਖ ਭਾਈਚਾਰੇ ਦਾ ਮਾਣ ਹੀ ਵਧੇਗਾ, ਬਲਕਿ ਭਟਕੇ ਹੋਏ ਨੌਜਵਾਨਾਂ ਨੂੰ ਵੀ ਸਹੀ ਦਿਸ਼ਾ ਮਿਲੇਗੀ।


SHAAN PROFESSIONAL PAINTING LTD

ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ

WE DO ALL KIND OF PAINTING JOBS

All Antique Work
Full Finishing Work
Vanishal Plaster
Quality Workmanship





We Use Only Brand Name Paint

Best Rates
Guaranteed Work
Fast & Friendly Service

CALL US FOR A FREE NO-OBLIGATION QUOTE

Jaswinder Nahal 604.782.0675

Peter Dhaliwal 604.783.5217

www.shaanprofessionalpainting.com shaan2006@hotmail.com



# AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਕੀ ਸ਼੍ਰੋਮਣੀ ਕਮੇਟੀ ਆਪਣੇ ਆਪ ਨੂੰ ਬਚਾ ਸਕੇਗੀ?

ਭਾਈ ਰਣਧੀਰ ਸਿੰਘ ਦੇ ਜੱਥੇ (ਅਖੰਡ ਕੀਰਤਨੀ ਜੱਥੇ) ਨਾਲ ਜੁੜੇ ਇਕ ਸਿੱਖ ਲੀਡਰ, ਜੋ ਹੁਣ ਬੀਜੇਪੀ ਵਿਚ ਸ਼ਾਮਲ ਹੋ ਕੇ ਉਸ ਦੇ ਬੁਲਾਰੇ ਬਣੇ ਹੋਏ ਹਨ, ਦਾ ਇਕ ਬਿਆਨ ਅਖ਼ਬਾਰਾਂ ਵਿਚ ਆਇਆ ਸੀ ਜਿਸ ਵਿਚ ਉਨ੍ਹਾਂ ਨੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਵੱਡੀ ਗਿਣਤੀ ਵਿਚ ਸਿੱਖਾਂ ਦੇ ਈਸਾਈ ਬਣ ਜਾਣ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਈਸਾਈ ਪ੍ਰਚਾਰਕਾਂ ਨੂੰ, ਸਿੱਖਾਂ ਨੂੰ ਈਸਾਈ ਬਣਾਉਣ ਵਿਚ ਮਿਲੀ ਸਫ਼ਲਤਾ ਲਈ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਜਿਸ ਦਾ ਅਰਬਾਂ ਰੁਪਏ ਦਾ ਬਜਟ ਹੋਣ ਦੇ ਬਾਵਜੂਦ, ਧਰਮ ਪ੍ਰਚਾਰ ਵਲ ਬਿਲਕੁਲ ਕੋਈ ਧਿਆਨ ਨਹੀਂ। ਉਪ੍ਰੋਕਤ ਲੀਡਰ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਪ੍ਰਤੀ ਇਹ ਰਵਈਆ ਜਾਰੀ ਰਿਹਾ ਤਾਂ ਕੁੱਝ ਸਾਲਾਂ ਮਗਰੋਂ ਇਸ ਦਾ ਨਾਂ ਬਦਲ ਕੇ 'ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ' ਹੋ ਜਾਏਗਾ ਕਿਉਂਕਿ ਇਸ ਦੇ ਨੱਕ ਹੇਠ ਚਰਚ ਹੀ ਚਰਚ ਬਣਦੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਦਾ ਜਵਾਬ ਇਕ ਧਾਰਮਕ ਸੰਸਥਾ ਵਾਲਾ ਨਾ ਹੋ ਕੇ, ਇਕ 'ਹਾਕਮ' ਵਾਲਾ ਹੀ ਸੀ ਕਿ ਇਹ ਕੌਣ ਹੁੰਦੇ ਹਨ ਸਿੱਖਾਂ ਵਲੋਂ ਚੁਣੀ ਹੋਈ ਸ਼੍ਰੋਮਣੀ ਕਮੇਟੀ ਬਾਰੇ ਅਪਸ਼ਬਦ ਬੋਲਣ ਵਾਲੇ? ਇਨ੍ਹਾਂ ਨੂੰ ਤੁਰਤ ਮਾਫ਼ੀ ਮੰਗਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਉਤੇ ਬਹੁਤ ਪੈਸਾ ਖ਼ਰਚ ਕਰ ਰਹੀ ਹੈ ਆਦਿ ਆਦਿ। ਮਹਾਂ-ਨਾਲਾਇਕ ਸਰਕਾਰਾਂ ਵੀ, ਵਿਰੋਧੀਆਂ ਦੇ ਕਥਨਾਂ ਵਿਚੋਂ ਸਚਾਈ ਲੱਭਣ ਦੀ ਕੋਸ਼ਿਸ਼ ਨਹੀਂ ਕਰਦੀਆਂ ਸਗੋਂ ਆਲੋਚਨਾ ਕਰਨ ਵਾਲਿਆਂ ਨੂੰ ਹੀ 'ਗ਼ਲਤ ਬੰਦੇ' ਕਹਿ ਕੇ ਪੱਲਾ ਝਾੜ ਲੈਂਦੀਆਂ ਹਨ। ਪਰ ਇਕ ਵੱਡੇ ਬਜਟ ਵਾਲੀ ਧਾਰਮਕ ਸੰਸਥਾ ਨੂੰ ਬਾ-ਦਲੀਲ ਜਵਾਬ ਦੇਣਾ ਚਾਹੀਦਾ ਹੈ ਨਹੀਂ ਤਾਂ ਇਸ ਦਾ ਅੰਤ ਇਸ ਦੀਆਂ ਅਪਣੀਆਂ ਗ਼ਲਤੀਆਂ ਸਦਕਾ ਹੀ ਹੋਣਾ ਤੈਅ ਹੈ, ਜਿਵੇਂ, ਮਾਫ਼ ਕਰਨਾ, 25 ਸਾਲ ਰਾਜ ਕਰਨ ਦਾ ਦਾਅਵਾ ਕਰਨ ਵਾਲਾ ਅਕਾਲੀ ਦਲ, ਅਪਣੀਆਂ ਕਮਜ਼ੋਰੀਆਂ ਨੂੰ ਸੁਧਾਰਨ ਵਿਚ ਨਾਕਾਮ ਰਹਿਣ ਕਰ ਕੇ ਤੇ ਸੱਚੀ ਆਲੋਚਨਾ ਵਲ ਧਿਆਨ ਦੇਣ ਤੋਂ ਨਾਂ ਕਰ ਕੇ ਹੀ ਅਰਸ਼ ਤੋਂ ਫ਼ਰਸ਼ 'ਤੇ ਆ ਡਿੱਗਾ ਹੈ। ਅਕਾਲੀ ਦਲ ਨੇ 'ਪੰਥਕ' ਸ਼ਬਦ ਨੂੰ ਪਾਰਟੀ ਨਾਲੋਂ ਲਾਹ ਸੁਟਿਆ ਤੇ 'ਪੰਜਾਬੀ ਪਾਰਟੀ' ਬਣ ਗਿਆ। ਸੱਭ ਪ੍ਰਵਾਨ। ਉਸ ਨੇ ਪੰਥ-ਪ੍ਰਸਤਾਂ ਨੂੰ ਪਿੱਛੇ ਸੁਟ ਕੇ ਪੰਥ-ਦੁਸ਼ਮਣਾਂ, ਕਾਮਰੇਡਾਂ ਤੇ ਜਨਸੰਘੀਆਂ ਨੂੰ ਗੱਦੀਆਂ ਉਤੇ ਬਿਠਾ ਦਿਤਾ ਅਤੇ ਸਿੱਖ ਮੁੰਡਿਆਂ ਦਾ ਘਾਣ ਕਰਨ ਵਾਲੇ ਪੁਲਸੀਆਂ, ਦੂਜੇ ਅਫ਼ਸਰਾਂ ਨੂੰ ਵੱਡੀਆਂ ਪੁਜ਼ੀਸ਼ਨਾਂ ਦੇ ਦਿਤੀਆ। ਸੌਦਾ ਸਾਧ ਨੂੰ, ਇਕ ਕਾਗ਼ਜ਼ ਦੇ ਟੁਕੜੇ ਦੀ ਬਿਨਾਅ 'ਤੇ ਉਸ ਦਾ ਛੇਕਿਆ ਜਾਣਾ ਰੱਦ ਕਰ ਦਿਤਾ ਤੇ ਜਦ ਲੋਕਾਂ ਨੇ ਰੌਲਾ ਪਾਇਆ ਤਾਂ ਇਕ ਕਰੋੜ ਦੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਵਾ ਕੇ ਪ੍ਰਚਾਰ ਸ਼ੁਰੂ ਕਰ ਦਿਤਾ ਕਿ ਸੌਦਾ ਸਾਧ ਨੂੰ ਲੈ ਕੇ 'ਅਕਾਲ ਤਖ਼ਤ' ਨੇ ਜੋ ਕੀਤਾ ਹੈ, ਉਹ ਬਿਲਕੁਲ ਠੀਕ ਹੈ।'ਸਿੱਖ ਇਤਿਹਾਸ (ਹਿੰਦੀ) ਤੇ 'ਗੁਰ-ਬਿਲਾਸ ਪਾਤਸ਼ਾਹੀ ਛੇ' ਵਰਗੀਆਂ ਕਿਤਾਬਾਂ ਛਾਪ ਕੇ ਤੇ ਪੰਜਾਬ ਸਕੂਲ ਬੋਰਡ ਵਲੋਂ ਛਪਵਾਈ ਸਿੱਖ ਇਤਿਹਾਸ ਉਤੇ ਬੜੀ ਘਟੀਆ ਸ਼ਬਦਾਵਲੀ ਵਾਲੀ ਕਿਤਾਬ ਬਾਰੇ ਚੁੱਪੀ ਧਾਰ ਕੇ (ਕਿਉਂਕਿ ਇਹ ਕਿਤਾਬ ਬਾਦਲ ਸਰਕਾਰ ਦੇ ਵੇਲੇ ਛਾਪਣ ਦੀ ਆਗਿਆ ਦਿਤੀ ਗਈ ਸੀ) ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਇਸ਼ਾਰਾ ਦੇ ਦਿਤਾ ਕਿ ਇਹਦੇ ਲਈ ਹੁਣ ਧਰਮ ਮਗਰੋਂ ਤੇ ਸਿਆਸੀ ਮਾਲਕਾਂ ਦੇ ਹਿਤ ਪਹਿਲਾਂ ਹੋ ਗਏ ਨੇ।ਕੁਲ ਮਿਲਾ ਕੇ, 1966 ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਜੋ ਵਕਾਰ ਲੋਕਾਂ ਦੀ ਕਮੇਟੀ ਜਾਂ 'ਸਿੱਖਾਂ ਦੀ ਕਮੇਟੀ' ਵਜੋਂ ਬਣਿਆ ਸੀ, ਉਹ ਪੰਜਾਬੀ ਸੂਬਾ ਬਣਨ ਉਪ੍ਰੰਤ ਏਨਾ ਨੀਵਾਂ ਚਲਾ ਗਿਆ ਹੈ ਕਿ 'ਸਿੱਖਾਂ ਦੀ ਕਮੇਟੀ' ਹੁਣ 'ਹਾਕਮਾਂ ਤੇ ਸਿਆਸਤਦਾਨਾਂ ਦੀ ਕਮੇਟੀ' ਬਣ ਕੇ ਰਹਿ ਗਈ ਹੈ ਜਿਸ ਲਈ ਸਿੱਖ ਜਨਤਾ ਦੀ ਤਸੱਲੀ ਤੇ ਧਰਮ ਪ੍ਰਚਾਰ ਦੀ ਮੰਗ, ਬੇਲੋੜੀ ਜਹੀ ਗੱਲ ਬਣ ਕੇ ਰਹਿ ਗਈ ਹੈ। ਵਿਰੋਧੀ ਤਾਂ ਤੁਹਾਡੇ ਵਿਰੁਧ ਪ੍ਰਚਾਰ ਕਰਦੇ ਹੀ ਹਨ।ਕਰਦੇ ਰਹਿਣ। ਪਰ ਜੇ ਤੁਹਾਡਾ ਅਪਣਾ ਦਾਮਨ ਸਾਫ਼ ਹੈ ਤਾਂ ਕਿਸੇ ਦਾ ਪ੍ਰਚਾਰ ਕੋਈ ਅਸਰ ਨਹੀਂ ਕਰ ਸਕਦਾ। ਪਰ ਕੀ ਸ਼੍ਰੋਮਣੀ ਕਮੇਟੀ ਦਾ 'ਅੰਦਰਲਾ' ਪੂਰੀ ਤਰ੍ਹਾਂ ਸਾਫ਼ ਹੈ? ਮੈਂ ਇਸ ਕਮੇਟੀ ਦਾ ਅੰਦਰਲਾ ਹਾਲ ਉਸ ਨੌਜੁਆਨ ਤੋਂ ਜਾਣਿਆ ਜਿਸ ਨੂੰ ਮੈਂ ਸ. ਮਨਜੀਤ ਸਿੰਘ ਕਲਕੱਤਾ ਨੂੰ ਕਹਿ ਕੇ, ਸ਼੍ਰੋਮਣੀ ਕਮੇਟੀ ਵਿਖੇ ਰਖਵਾਇਆ ਸੀ। ਕੁੱਝ ਸਮੇਂ ਬਾਅਦ ਉਹ ਮੈਨੂੰ ਮਿਲਣ ਆਇਆ ਤਾਂ ਮੈਂ ਉਸ ਨੂੰ ਪੁੱਛ ਬੈਠਾ, ''ਉਥੇ ਤਾਂ ਸਵਰਗ ਵਿਚ ਰਹਿ ਕੇ ਬਹੁਤ ਖ਼ੁਸ਼ ਹੋਵੇਂਗਾ?''ਉਹ ਨੌਜੁਆਨ ਹੌਕਾ ਲੈ ਕੇ ਬੋਲਿਆ, ''ਮੈਂ ਤਾਂ ਇਹੀ ਸੋਚ ਕੇ ਉਥੇ ਨੌਕਰੀ ਕਰਨ ਦੀ ਇੱਛਾ ਧਾਰੀ ਸੀ ਕਿ ਹਰ ਵੇਲੇ ਸਵਰਗ ਵਿਚ ਰਹਿ ਕੇ ਕੰਮ ਵੀ ਕਰਾਂਗਾ ਤੇ ਘਰ ਦੇ ਗੁਜ਼ਾਰੇ ਲਈ ਪੈਸੇ ਵੀ ਮਿਲਣਗੇ। ਪਰ ਸੱਚ ਜਾਣਿਉ, ਉਥੇ ਧਰਮ ਨਾਂ ਦੀ ਚੀਜ਼ ਤਾਂ ਰਹੀ ਹੀ ਕੋਈ ਨਹੀਂ। ਜੋ ਹੈ, ਉਹ ਨਿਰਾ ਵਿਖਾਵਾ ਹੈ। ਹਰ ਪਾਸੇ ਪਾਪ ਹੀ ਪਾਪ ਹੈ। ਕੋਈ ਮਾੜੀ ਮੋਟੀ ਨੌਕਰੀ ਵੀ ਬਾਹਰ ਮਿਲ ਜਾਵੇ ਤਾਂ ਅੱਜ ਸ਼੍ਰੋਮਣੀ ਕਮੇਟੀ ਦੀ ਨੌਕਰੀ ਛੱਡ ਦੇਵਾਂਗਾ।'' ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਸ. ਹਰਚਰਨ ਸਿੰਘ ਨੇ ਜੋ ਕੁੱਝ ਅਪਣੀ ਕਿਤਾਬ ਵਿਚ ਲਿਖਿਆ ਤੇ ਜੋ ਜ਼ਬਾਨੀ ਮੈਨੂੰ ਦਸਿਆ, ਉਹ ਹੋਰ ਵੀ ਦਰਦ ਦੇਣ ਵਾਲਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨਾਂ ਤੇ ਇਸ ਦੇ ਅਕਾਲ ਤਖ਼ਤ 'ਤੇ ਬੈਠੇ 'ਜਥੇਦਾਰਾਂ' ਨੇ ਸ਼੍ਰੋਮਣੀ ਕਮੇਟੀ ਨੂੰ 'ਬਾਦਲਾਂ ਦੀ ਕਮੇਟੀ' ਤਾਂ ਬਣਾ ਦਿਤਾ ਪਰ ਸਿੱਖ ਹਿਰਦਿਆਂ ਨਾਲੋਂ ਇਸ ਨੂੰ ਕੱਟ ਕੇ ਵੱਖ ਵੀ ਕਰ ਦਿਤਾ। ਸਿੱਖੀ ਬਹੁਤ ਥੱਲੇ ਚਲੀ ਗਈ ਹੈ। ਦਰਬਾਰ ਸਾਹਿਬ ਵਿਚ ਜੁੜਦੀਆਂ ਭੀੜਾਂ ਤੇ ਗੁਰੂ ਕੀ ਗੋਲਕ ਵਿਚ ਪੈਂਦੇ ਪੈਸੇ ਵੇਖ ਕੇ ਸ਼੍ਰੋਮਣੀ ਕਮੇਟੀ ਵਾਲੇ ਗ਼ਲਤ-ਫ਼ਹਿਮੀ ਦਾ ਸ਼ਿਕਾਰ ਨਾ ਹੋਣ।ਸਿੱਖ ਤੇ ਗੁਰੂ ਦਾ ਰਿਸ਼ਤਾ ਤਾਂ ਉਦੋਂ ਵੀ ਨਹੀਂ ਟੁੱਟੇਗਾ ਜਦ ਇਥੇ ਬੀਜੇਪੀ ਦੀ ਕਮੇਟੀ ਆ ਗਈ। ਉਹ ਕਹਾਣੀ ਹਿੰਦੁਸਤਾਨ ਦੇ ਸਾਰੇ ਮੰਦਰਾਂ, ਗੁਰਦਵਾਰਿਆਂ ਤੇ ਮਸਜਿਦਾਂ ਦੀ ਇਕੋ ਜਹੀ ਹੈ।ਪ੍ਰਬੰਧਕਾਂ ਦੀ ਗੱਲ ਉਨ੍ਹਾਂ ਮੱਥਾ ਟੇਕਣ ਤੇ ਗੋਲਕਾਂ ਭਰਨ ਵਾਲਿਆਂ ਨਾਲ ਵੀ ਕਰੋ ਤਾਂ ਉਹ ਵੀ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਮਿਲਣਗੇ।ਸ਼੍ਰੋਮਣੀ ਕਮੇਟੀ ਵਾਲੇ ਸੱਚੀ ਆਲੋਚਨਾ ਨੂੰ ਤਾਹਨੇ ਮਿਹਣੇ ਦੇ ਕੇ ਤੇ ਊਜਾਂ ਲਾ ਕੇ ਰੱਦ ਕਰਨ ਦੀ ਬਜਾਏ, ਸਾਰੇ ਸਿੱਖਾਂ ਦਾ ਵਿਸ਼ਵਾਸ ਫਿਰ ਤੋਂ ਜਿੱਤਣ ਦੀ ਕੋਸ਼ਿਸ਼ ਕਰਨ, ਅਪਣੀਆਂ ਤੇ ਅਕਾਲ ਤਖ਼ਤ ਦੇ ਅਖੌਤੀ 'ਸਾਹਬਾਂ' ਦੀਆਂ ਗ਼ਲਤੀਆਂ ਨੂੰ ਮੰਨਣ ਦੀ ਹਿੰਮਤ ਪੈਦਾ ਕਰਨ ਤੇ ਪੰਥ ਦੀ ਚੜ੍ਹਦੀ ਕਲਾ ਲਈ ਵਿਖਾਵੇ ਦੇ ਨਹੀਂ, ਸੱਚੇ ਧਰਮ ਪ੍ਰਚਾਰ ਦੀ ਸ਼ੁਰੂਆਤ ਕਰਨ ਨਹੀਂ ਤਾਂ ਬਾਦਲ ਅਕਾਲੀ ਦਲ ਵਾਲਾ ਹਾਲ ਸ਼੍ਰੋਮਣੀ ਕਮੇਟੀ ਦਾ ਵੀ ਹੋ ਕੇ ਰਹੇਗਾ।ਅਜਿਹਾ ਹੋਇਆ ਤਾਂ ਸਿੱਖਾਂ ਦੀ ਇਕ ਹੋਰ ਬਾਂਹ ਟੁਟ ਜਾਏਗੀ ਤੇ ਮੇਰੇ ਸਮੇਤ, ਸਾਰੇ ਚੰਗੇ ਸਿੱਖਾਂ ਨੂੰ ਡਾਢੀ ਪੀੜ ਹੋਵੇਗੀ ਪਰ ਕੁਦਰਤ ਦਾ ਕਾਨੂੰਨ ਅਟੱਲ ਹੈ ਤੇ ਗ਼ਲਤੀਆਂ ਨਾ ਮੰਨਣ ਵਾਲਿਆਂ ਨੂੰ ਕੁਦਰਤ ਨਹੀਂ ਬਖ਼ਸ਼ਦੀ। ਇਹ ਗੱਲ ਬਾਬੇ ਨਾਨਕ ਨੇ ਭਾਈ ਲਾਲੋ ਨੂੰ ਸੰਬੋਧਤ ਹੋ ਕੇ ਰਚੇ ਸ਼ਬਦ 'ਸਚੁ ਸੁਣਾਇਸੀ ਸਚੁ ਕੀ ਬੇਲਾ' ਵਿਚ ਵੀ ਚੰਗੀ ਤਰ੍ਹਾਂ ਸਮਝਾ ਦਿੱਤੀ ਹੈ।

**-ਸਪੋਕਸਮੈਨ ਸਮਾਚਾਰ ਸੇਵਾ**

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ


Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਰੱਖੜੀ, ਸਾਵਣ ਦੀ ਪੁੰਨਿਆ ਜਾਂ ਸਾਵਣ ਸੁਦੀ ਚੌਦਸ?

ਭੈਣ-ਭਰਾਂ ਦੇ ਪਿਆਰ ਦੀ ਪ੍ਰਤੀਕ ਰੱਖੜੀ ਦਾ ਤਿਉਹਾਰ ਚੰਦ ਦੇ ਕੈਲੰਡਰ ਮੁਤਾਬਕ ਸਾਵਣ ਦੀ ਪੁੰਨਿਆ ਨੂੰ ਮਨਾਇਆ ਜਾਂਦਾ ਹੈ। ਜਿਸ ਨੂੰ ਰੱਖੜ-ਪੁੰਨਿਆ ਕਿਹਾ ਜਾਂਦਾ ਹੈ। ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਬਿਲਕੁਲ ਇਸੇ ਤਰ੍ਹਾਂ ਹੀ, ਦਿਵਾਲੀ ਜੋ ਆਮ ਤੌਰ ਤੇ ਕੱਤਕ ਦੀ ਮੱਸਿਆ ਨੂੰ ਮਨਾਈ ਜਾਂਦੀ ਹੈ ਪਰ ਬਹੁਤ ਵਾਰ ਚੰਦ ਦੇ ਕੈਲੰਡਰ ਮੁਤਾਬਕ ਕੱਤਕ ਵਦੀ ਚੌਦਸ ਨੂੰ ਮਨਾਈ ਜਾਂਦੀ ਹੈ। ਇਸ ਸਾਲ, ਇਹ ਦੋਵੇਂ ਤਿਉਹਾਰ ਆਪਣੀ ਅਸਲ ਰਵਾਇਤੀ ਤਿੱਥ (ਪੁੰਨਿਆ ਅਤੇ ਮੱਸਿਆ) ਤੋਂ ਇਕ ਦਿਨ ਪਹਿਲਾ ਮਨਾਏ ਜਾਣਗੇ। ਅੱਜ (7 ਅਗਸਤ, 2022) ਇਕ ਸੱਜਣ ਨੇ, ਜੋ ਕਰਿਆਨੇ ਦੀ ਦੁਕਾਨ (ਘਰੋਚਣਰੇ ਸਟੋਰਏ) ਕਰਦਾ ਹੈ, ਸਵਾਲ ਕੀਤਾ ਕਿ ਰੱਖੜੀ ਕਿਸ ਦਿਨ ਹੈ? ਇਸ ਦੇ ਜਵਾਬ ਵਿਚ ਮੈਂ ਮੋੜਵਾਂ ਸਵਾਲ ਕੀਤਾ ਕਿ ਪੁੰਨਿਆ ਕਿਸ ਦਿਨ ਹੈ। ਕਹਿੰਦਾ ਕਿ "ਪੁੰਨਿਆ ਤਾਂ ਸ਼ੁਕਰਵਾਰ (12 ਅਗਸਤ) ਨੂੰ ਹੈ ਪਰ ਕਹਿੰਦੇ ਐਤਕੀ ਰੱਖੜੀ ਵੀਰਵਾਰ (11 ਅਗਸਤ) ਨੂੰ ਹੈ, ਇਹ ਕੀ ਚੱਕਰ ਹੈ?ਚੰਦ ਧਰਤੀ ਦੁਵਾਲੇ ਚੱਕਰ ਲਾਉਂਦਾ ਹੈ, ਇਹ ਚੱਕਰ, ਜਿਸ ਨੂੰ ਇਕ ਮਹੀਨਾ (29.53 ਸੂਰਜੀ ਦਿਨ ) ਕਿਹਾ ਜਾਂਦਾ ਹੈ, ਦੌਰਾਨ ਚੰਦ ਦੀਆਂ 30 ਤਿੱਥਾਂ ਹੁੰਦੀਆਂ ਹਨ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੀ ਹੁੰਦੇ ਹਨ। ਚੰਦ ਦੀ ਇਕ ਤਿੱਥ 12º ਦੇ ਬਰਾਬਰ ਹੁੰਦੀ ਹੈ। ਚੰਦ ਦਾ ਧਰਤੀ ਤੋਂ ਫਾਸਲਾ ਵੱਧਦਾ-ਘੱਟਦਾ ਰਹਿੰਦਾ ਹੈ। ਇਸ ਕਾਰਨ ਚੰਦ ਦਾ 12º ਦਾ ਸਫਰ ਤਹਿ ਕਰਨ ਦਾ ਸਮਾਂ ਵੀ ਵੱਧਦਾ-ਘੱਟਦਾ ਰਹਿੰਦਾ ਹੈ। ਇਹ ਲੱਗ-ਭੱਗ 20.25 ਤੋਂ 26.75 ਘੰਟਿਆਂ ਦੇ ਦਰਮਿਆਨ ਹੁੰਦਾ ਹੈ। ਅੱਜ ਚੰਦ ਦੀ ਕਿਹੜੀ ਤਿੱਥ ਹੈ? ਸਵੇਰ ਨੂੰ ਸੂਰਜ ਚੜਨ ਵੇਲੇ ਜੋ ਤਿੱਥ ਹੋਵੇਗੀ, ਉਹ ਮੰਨੀ ਜਾਵੇਗੀ। ਕਈ ਵਾਰ ਅਜੇਹਾ ਹੁੰਦਾ ਹੈ ਕਿ ਸਵੇਰ ਨੂੰ ਸੂਰਜ ਚੜਨ ਵੇਲੇ ਜੋ ਤਿੱਥ ਹੁੰਦੀ ਹੈ (ਜੋ ਉਸ ਦਿਨ ਦੀ ਤਿੱਥ ਮੰਨੀ ਜਾਂਦੀ ਹੈ) ਉਹ ਸੂਰਜ ਚੜਨ ਤੋਂ ਕੁਝ ਸਮਾ ਪਿਛੋਂ ਹੀ ਖਤਮ ਹੋ ਜਾਂਦੀ ਹੈ ਅਤੇ ਨਵੀਂ ਤਿੱਥ ਆਰੰਭ ਹੋ ਜਾਂਦੀ ਹੈ। ਪਰ ਚੰਦ ਧਰਤੀ ਦੇ ਨੇੜੇ ਹੋਣ ਕਾਰਨ ਆਪਣਾ 12º ਦਾ ਸਫਰ ਅਗਲੇ ਦਿਨ ਦਾ ਸੂਰਜ ਚੜਨ ਤੋਂ ਪਹਿਲਾ ਹੀ ਪੂਰਾ ਕਰ ਲੈਂਦਾ ਹੈ। ਅਤੇ ਨਵੀਂ ਤਿੱਥ ਆਰੰਭ ਹੋ ਜਾਂਦੀ ਹੈ। ਅਗਲੇ ਦਿਨ ਸੂਰਜ ਚੜਨ ਵੇਲੇ ਉਹ ਨਵੀਂ ਹੀ ਮੰਨੀ ਜਾਵੇਗੀ। ਇਸ ਤਰ੍ਹਾਂ ਪਹਿਲੀ ਤਿੱਥ ਕਿਸੇ ਪਾਸੇ ਵੀ ਨਹੀਂ ਗਿਣੀ ਜਾਵੇਗੀ।ਨੱਥੀ ਕੀਤੀ ਫ਼ੋਟੋ ਨੂੰ ਧਿਆਨ ਨਾਲ ਵੇਖੋ। ਇਹ "ਦੁਸ਼ਟ ਦਮਨ ਜੰਤਰੀ" ਤਖਤ ਸ੍ਰੀ ਹਜ਼ੂਰ ਸਾਹਿਬ ਵੱਲੋਂ ਛਾਪੀ ਗਈ ਹੈ। ਇਸ ਮੁਤਾਬਕ 11 ਅਗਸਤ ਦਿਨ ਵੀਰਵਾਰ ਨੂੰ ਸਾਵਣ ਸੁਦੀ 14 ਹੈ। 12 ਤਾਰੀਖ ਦਿਨ ਸ਼ੁਕਰਵਾਰ ਨੂੰ ਸਾਵਣ ਦੀ ਪੁੰਨਿਆ ਹੈ ਅਤੇ 13 ਤਾਰੀਖ ਸ਼ਨਿਚਰਵਾਰ ਨੂੰ ਭਾਦੋਂ ਵਦੀ ਦੂਜ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਦੋਂ ਵਦੀ ਏਕਮ ਕਿਧਰ ਗਈ? ਭਾਦੋਂ ਵਦੀ ਏਕਮ, ਸਾਵਣ ਦੀ ਪੁੰਨਿਆ (ਸ਼ੁਕਰਵਾਰ) ਵਾਲੇ ਖ਼ਾਨੇ ਵਿੱਚ ਹੀ ਦਰਜ ਹੈ। ਭਾਵ 12 ਅਗਸਤ ਦਿਨ ਸ਼ੁਕਰਵਾਰ ਨੂੰ ਸਾਵਣ ਦੀ ਪੁੰਨਿਆ ਅਤੇ ਭਾਂਦੇ ਵਦੀ ਏਕਮ, ਦੋਵੇਂ ਇਕੋ ਦਿਨ ਹੀ ਹਨ। ਸਾਵਣ ਸੁਦੀ ਚੌਦਸ, ਜਿਸ ਦਾ ਆਰੰਭ 10 ਅਗਸਤ ਦਿਨ ਬੁਧਵਾਰ ਨੂੰ 14:16 ਵਜੇ ਹੋਵੇਗਾ, ਵੀਰਵਾਰ ਨੂੰ 10:39 ਤੇ ਖਤਮ ਹੋ ਜਾਵੇਗੀ। ਸਾਵਣ ਸੁਦੀ ਪੰਦਰਾਂ (ਪੁੰਨਿਆ) ਦਾ ਆਰੰਭ ਵੀਰਵਾਰ ਨੂੰ 10:39 ਤੇ ਹੋਵੇਗਾ, ਸ਼ੁਕਰਵਾਰ 7:06 ਖਤਮ ਹੋਵੇਗੀ। ਇਸ ਲਈ ਪੁੰਨਿਆ ਸ਼ੁਕਰਵਾਰ ਨੂੰ ਹੋਵੇਗੀ। ਹੁਣ ਸਾਵਣ ਵਦੀ ਏਕਮ ਦਾ ਆਰੰਭ ਸ਼ੁਕਰਵਾਰ ਨੂੰ ਸਵੇਰੇ 7:06 ਤੇ (ਸੂਰਜ ਚੜਨ ਤੋਂ ਪਿਛੋਂ) ਹੋਵੇਗਾ ਅਤੇ ਸ਼ਨਿਚਰਵਾਰ ਸਵੇਰੇ 3:47 ਤੇ (ਸੂਰਜ ਚੜਨ ਤੋਂ ਪਹਿਲਾ) ਹੀ ਖਤਮ ਹੋ ਜਾਵੇਗੀ ਅਤੇ ਸਾਵਣ ਵਦੀ ਦੂਜ ਆਰੰਭ ਹੋ ਜਾਵੇਗੀ। ਸ਼ਨਿਚਰਵਾਰ ਨੂੰ ਸੂਰਜ ਸਵੇਰੇ 5:54 ਤੇ ਚੜੇਗਾ। ਇਸ ਲਈ ਸ਼ਨਿਚਰਵਾਰ ਨੂੰ ਸਾਵਣ ਵਦੀ ਦੂਜ ਗਿਣੀ ਜਾਵੇਗੀ। ਇਸ ਕਾਰਨ ਸਾਵਣ ਵਦੀ ਏਕਮ ਪੁੰਨਿਆ ਵਾਲੇ ਦਿਨ ਹੀ ਬਿਨਾ ਗਿਣੇ ਲੰਘ ਜਾਵੇਗੀ। ਕਈ ਵਾਰ ਇਸ ਤੋਂ ਉਲਟ ਵੀ ਹੁੰਦਾ ਹੈ। ਨਵੀ ਤਿੱਥ ਦਾ ਆਰੰਭ ਸੂਰਜ ਚੜਨ ਤੋਂ ਕੁਝ ਸਮਾਂ ਪਹਿਲਾ ਹੁੰਦਾ ਹੈ। ਚੰਦ ਧਰਤੀ ਤੋਂ ਦੂਰ ਹੋਣ ਕਾਰਨ, 12º ਦਾ ਸਫਰ ਤਹਿ ਕਰਨ ਨੂੰ 24 ਘੰਟੇ ਤੋਂ ਵੱਧ ਸਮਾਂ ਲਗੇਗਾ ਅਤੇ ਅਗਲੇ ਦਿਨ ਦਾ ਸੂਰਜ ਚੜਨ ਤੋਂ ਪਿਛੋਂ ਤਿੱਥ ਬਦਲੀ ਹੋਏਗੀ। ਇਸ ਕਾਰਨ ਦੋਵੇਂ ਦਿਨ, ਇਕ ਤਿੱਥ ਹੀ ਗਿਣੀ ਜਾਵੇਗੀ। ਅਗਸਤ 22 ਅਤੇ 23 ਨੂੰ, ਦੋਵੇਂ ਦਿਨ ਹੀ ਭਾਦੋਂ ਵਦੀ 11 ਹੈ। ਭਾਦੋਂ ਵਦੀ 11 ਦਾ ਆਰੰਭ, ਐਤਵਾਰ ਸਵੇਰੇ 3:36 ਤੇ ਭਾਵ ਸੂਰਜ ਚੜਨ ਤੋਂ ਪਹਿਲਾ ਹੋਵੇਗਾ, ਅਤੇ ਇਹ ਮੰਗਲ ਵਾਰ ਨੂੰ ਸਵੇਰੇ 6:07 ਤੇ ਖਤਮ ਹੋਵੇਗੀ, ਜਦੋਂ ਕਿ ਮੰਗਲਵਾਰ ਨੂੰ ਸੂਰਜ 6:00 ਤੇ ਚੜ ਜਾਵੇਗਾ। ਇਸ ਲਈ ਦੋਵੇਂ ਦਿਨ ਹੀ ਭਾਵ ਸੋਮਵਾਰ ਅਤੇ ਮੰਗਲ ਵਾਰ ਨੂੰ ਭਾਦੋਂ ਵਦੀ 11 ਹੀ ਹੋਵੇਗੀ।ਇਸ ਸਾਲ ਸਾਵਣ ਦੀ ਪੁੰਨਿਆ (ਰੱਖੜ-ਪੁੰਨਿਆ) ਦਾ ਆਰੰਭ ਵੀਰਵਾਰ (11 ਅਗਸਤ) ਨੂੰ 10:39 ਤੇ ਹੋਵੇਗਾ ਅਤੇ ਇਹ ਸ਼ੁਕਰਵਾਰ ਨੂੰ 7:06 ਭਾਵ ਸੂਰਜ ਚੜਨ ਤੋਂ ਪਿਛੋਂ ਖਤਮ ਹੋਵੇਗੀ। ਇਸ ਲਈ ਪੁੰਨਿਆ ਸ਼ੁਕਰਵਾਰ ਨੂੰ ਹੋਵੇਗੀ। ਇਸ ਮੁਤਾਬਕ ਤਾਂ ਰੱਖੜੀ ਦਾ ਤਿਉਹਾਰ ਤਾਂ ਸ਼ੁਕਰਵਾਰ ਨੂੰ ਹੋਣਾ ਚਾਹੀਦਾ ਹੈ ਪਰ ਨਹੀ, ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਉਹ ਇਹ ਕਿ ਰੱਖੜੀ ਦੇ ਤਿਉਹਾਰ ਦੇ ਸ਼ੁਭ ਸਮੇਂ (9:28 ਤੋਂ 21:14) ਮੁਤਾਬਕ ਸ਼ੁਕਰਵਾਰ ਨੂੰ ਤਾਂ ਉਸ ਸਮੇਂ ਭਾਦੋਂ ਵਦੀ ਏਕਮ ਹੋਵੇਗੀ, ਇਸ ਲਈ ਵੀਰਵਾਰ ਜੋ ਅਸਲ ਵਿਚ ਭਾਦੋਂ ਸੁਦੀ 14 ਹੈ ਪਰ ਭਾਦੋਂ ਸੁਦੀ 15 ਭਾਵ ਪੁੰਨਿਆ ਦਾ ਆਰੰਭ 10:39 ਤੇ ਹੋ ਚੁੱਕਾ ਹੈ, ਇਸ ਲਈ ਰੱਖੜੀ ਦਾ ਤਿਉਹਾਰ, ਇਸੇ ਦਿਨ ਹੀ ਮਨਾਇਆ ਜਾਵੇਗਾ। ਇਹ ਹੈ ਬਿਪਰ ਵੱਲੋਂ ਬੁਣਿਆ ਗਿਆ ਮੱਕੜ ਜਾਲ!ਇਸੇ ਮੱਕੜ ਜਾਲ ਮੁਤਾਬਕ, ਹਰ ਤੀਜੇ-ਚੌਥੇ ਸਾਲ ਦਿਵਾਲੀ ਵੀ ਕੱਤਕ ਦੀ ਚੌਦਸ ਨੂੰ ਮਨਾਈ ਜਾਂਦੀ ਹੈ। ਦਿਵਾਲੀ ਜਿਸ ਨੂੰ ਸਿੱਖ ਬੰਦੀ ਛੋੜ ਦਿਵਸ ਦੇ ਨਾਮ ਨਾਲ ਮਨਾਉਂਦੇ ਹਨ, ਉਹ ਵੀ ਇਸੇ ਮੱਕੜ ਜਾਲ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਸਾਲ ਵੀ ਕੱਤਕ ਦੀ ਮੱਸਿਆ ਤਾਂ 25 ਅਕਤੂਬਰ ਨੂੰ ਆਵੇਗੀ ਪਰ ਦਿਵਾਲੀ 24 ਅਕਤੂਬਰ ਨੂੰ ਮਨਾਈ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਬੰਦੀਛੋੜ ਦਿਵਸ ਵੀ ਕੱਤਕ ਸੁਦੀ ਚੌਦਸ ਨੂੰ ਹੀ ਮਨਾਇਆ ਜਾਵੇਗਾ।(ਯਾਦ ਰਹੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਵੱਲੋਂ ਕੱਢੀ ਗਈ ਬੰਦੀ ਛੋੜ ਦਿਵਸ ਦੀ ਤਾਰੀਖ 25 ਅਕਤੂਬਰ, ਇਸ ਸਾਲ ਵੀ ਗਲਤ ਸਾਬਿਤ ਹੋਵੇਗੀ) ਇਸੇ ਤਰ੍ਹਾਂ ਹੀ ਚੜਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਵੀ 2019 ਈ: ਵਿੱਚ ਇਸੇ ਮੱਕੜ ਜਾਲ ਦਾ ਸ਼ਿਕਾਰ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਨੇ ਇਹ ਦਿਹਾੜਾ 21 ਮਾਰਚ ਨੂੰ ਮਨਾਇਆ ਸੀ, ਅਤੇ ਗੁਰੂ ਦੀਆ ਲਾਡਲੀਆਂ ਫੌਜਾਂ ਨੇ 22 ਮਾਰਚ ਨੂੰ ਮਨਾਇਆ ਸੀ। ਉਸ ਸਾਲ ਫੱਗਣ ਦੀ ਪੁੰਨਿਆ ਅਤੇ ਚੇਤ ਵਦੀ ਏਕਮ, ਦੋਵੇਂ ਇਕੋ ਦਿਨ ਹੀ ਆਈਆਂ ਸਨ। ਸ਼੍ਰੋਮਣੀ ਕਮੇਟੀ ਨੇ ਹੋਲਾ-ਮਹੱਲਾ ਫੱਗਣ ਦੀ ਪੁੰਨਿਆ ਨੂੰ ਮਨਾਇਆ ਸੀ ਅਤੇ ਨਿਹੰਗ ਬਾਬਿਆਂ ਨੇ ਚੇਤ ਵਦੀ ਦੂਜ ਨੂੰ। ਇਥੇ ਮੈਂ ਇਹ ਸਪੱਸ਼ਟ ਕਰ ਦਿਆ ਕਿ ਇਸ ਮੱਕੜ ਜਾਲ ਨੂੰ ਬਿਪਰਵਾਦ ਕਿਹਾ ਜਾਂਦਾ ਹੈ। ਚੰਦ-ਸੂਰਜ ਤਾਂ ਕਿਸੇ ਵੀ ਕੈਲੰਡਰ ਦੇ ਮੁਥਾਜ ਨਹੀ ਹਨ। ਪਤਾ ਨਹੀਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਉਹ ਇਸ ਮੱਕੜ ਜਾਲ ਚ ਅਜ਼ਾਦ ਨਹੀਂ ਹੋਣਾ ਚਾਹੁੰਦੀ।






# ਕੁਦਰਤ ਮਾਂ ਨੂੰ ਬਚਾਓ

ਸੰਸਾਰ ਨੂੰ ਜੈਵ ਵਿਭਿੰਨਤਾ ਦੇ ਨੁਕਸਾਨ ਲਈ ਜਾਗਣਾ ਚਾਹੀਦਾ ਹੈ, ਗ੍ਰਹਿ ਦੇ ਭਵਿੱਖ ਲਈ ਵਾਤਾਵਰਣ ਅਤੇ ਸਰੋਤਾਂ ਦੀ ਸੰਭਾਲ ਨੂੰ ਅਪਣਾਉਣਾ ਚਾਹੀਦਾ ਹੈ ਇੱਕ ਗਲੋਬਲ ਜੈਵ ਵਿਭਿੰਨਤਾ ਸੰਕਟ ਸਾਨੂੰ ਹੈਰਾਨ ਕਰ ਦਿੰਦਾ ਹੈ। ਜੈਵ ਵਿਭਿੰਨਤਾ, ਵਿਸ਼ਵਵਿਆਪੀ ਤੌਰ ‘ਤੇ, ਆਪਣੇ ਆਪ ਨੂੰ ਇੱਕ ਲਗਾਤਾਰ ਵੱਧ ਰਹੇ ਚੌਤਰਫ਼ਾ ਖਤਰੇ ਵਿੱਚ ਪਾ ਰਹੀ ਹੈ ਕਿਉਂਕਿ ਮਨੁੱਖ ਦੁਆਰਾ ਕੁਦਰਤੀ ਸਰੋਤਾਂ ਦੀ ਲਗਾਤਾਰ ਹਿੰਸਕ ਸ਼ੋਸ਼ਣ ਨੂੰ ਰੋਕਿਆ ਨਹੀਂ ਜਾ ਰਿਹਾ ਹੈ। ਮਨੁੱਖ ਦੁਆਰਾ ਜ਼ਮੀਨ ਅਤੇ ਸਮੁੰਦਰੀ ਸਰੋਤਾਂ ਦੀ ਲੁੱਟ, ਵਿਅਰਥ, ਅਸੀਮਤ ਲਾਲਚ ਦੁਆਰਾ, ਅਜਿਹੀ ਸਥਿਤੀ ਪੈਦਾ ਕਰ ਦਿੱਤੀ ਗਈ ਹੈ ਜਿੱਥੇ ਲਗਭਗ 25 ਪ੍ਰਤੀਸ਼ਤ ਪ੍ਰਜਾਤੀਆਂ ਦੇ ਵਿਨਾਸ਼ ਦਾ ਖ਼ਤਰਾ ਹੈ।

ਵਿਸ਼ਵ ਕੁਦਰਤ ਸੰਭਾਲ ਦਿਵਸ, 28 ਜੁਲਾਈ ਨੂੰ ਮਨਾਇਆ ਜਾਂਦਾ ਹੈ, ਸਾਡੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਅਤੇ ਸਾਡੇ ਕੁਦਰਤੀ ਸਰੋਤਾਂ ਦੀ ਰੱਖਿਆ ਕਰਕੇ ਇੱਕ ਸਿਹਤਮੰਦ ਗ੍ਰਹਿ ਲਈ ਕੰਮ ਕਰਨ ਦੀ ਲੋੜ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੈਵਿਕ ਵਿਭਿੰਨਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕਾਂ ਨੂੰ ਹੱਲ ਕਰਨ ਦਾ ਸਮਾਂ ਹੁਣ ਹੈ। ਜੇ ਮਨੁੱਖਜਾਤੀ ਨੇ ਬਚਣਾ ਹੈ, ਤਾਂ ਸਾਨੂੰ ਜੈਵ ਵਿਭਿੰਨਤਾ ਈਕੋਸਿਸਟਮ ਦੀ ਮੁੱਢਲੀ ਪ੍ਰਕਿਰਤੀ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਸੰਭਾਲ ਅਤੇ ਸੰਭਾਲ ਦੀ ਭੂਮਿਕਾ ਨੂੰ ਪਛਾਣਨਾ ਚਾਹੀਦਾ ਹੈ।

ਗ੍ਰਹਿ ਦੇ ਭਵਿੱਖ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਸਾਡੀ ਇੱਕੋ-ਇੱਕ ਉਮੀਦ ਹੈ, ਕਿਉਂਕਿ ਇਹ ਟਿਕਾਊ ਆਜੀਵਿਕਾ, ਜਲਵਾਯੂ ਪਰਿਵਰਤਨ ਘਟਾਉਣ, ਭੋਜਨ ਅਤੇ ਪਾਣੀ ਦੀ ਸੁਰੱਖਿਆ ਵਿੱਚ ਵੀ ਯੋਗਦਾਨ ਪਾਉਂਦੀ ਹੈ ਅਤੇ ਕੁਦਰਤੀ ਆਫ਼ਤਾਂ ਦੇ ਜੋਖਮ ਨੂੰ ਘਟਾਉਂਦੀ ਹੈ। ਸੰਭਾਲ ਦੇ ਵਿਚਾਰ ਵਿੱਚ ਬਨਸਪਤੀ ਅਤੇ ਜੀਵ-ਜੰਤੂ, ਊਰਜਾ ਸਰੋਤ, ਮਿੱਟੀ, ਪਾਣੀ ਅਤੇ ਹਵਾ ਸਮੇਤ ਕੁਦਰਤ ਦੇ ਵੱਖ-ਵੱਖ ਪਹਿਲੂ ਸ਼ਾਮਲ ਹਨ। ਇਸ ਸੰਦਰਭ ਵਿੱਚ, ਸੁਰੱਖਿਅਤ ਖੇਤਰਾਂ ਦੀ ਨਾਜ਼ੁਕ ਪ੍ਰਕਿਰਤੀ ਅਤੇ ਜੈਵਿਕ ਵਿਭਿੰਨਤਾ ਸੰਭਾਲ ਦੇ ਮੁੱਖ ਚਾਲਕਾਂ ਵਜੋਂ ਖੇਤਰ-ਅਧਾਰਿਤ ਹੋਰ ਪ੍ਰਭਾਵੀ ਸੁਰੱਖਿਆ ਉਪਾਵਾਂ ਨੂੰ ਰੇਖਾਂਕਿਤ ਕਰਨਾ ਜ਼ਰੂਰੀ ਹੈ।

ਅੰਕੜੇ ਦਰਸਾਉਂਦੇ ਹਨ ਕਿ ਪਿਛਲੇ 8,000 ਸਾਲਾਂ ਦੌਰਾਨ ਧਰਤੀ ਦਾ ਮੂਲ ਜੰਗਲਾਤ 45 ਪ੍ਰਤੀਸ਼ਤ ਗੁਆਚ ਗਿਆ ਹੈ, ਜੋ ਪਿਛਲੀ ਸਦੀ ਦੌਰਾਨ ਚਿੰਤਾਜਨਕ ਤੌਰ ‘ਤੇ ਕਾਫ਼ੀ ਹੈ। ਜਲਵਾਯੂ ਪਰਿਵਰਤਨ ਤੋਂ ਇਲਾਵਾ, ਜੰਗਲਾਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਤਬਦੀਲ ਕਰਨਾ, ਕਬਜੇ, ਮਾੜੇ ਜੰਗਲ ਪ੍ਰਬੰਧਨ, ਸ਼ਹਿਰੀ ਬਸਤੀਆਂ ਦੇ ਗੈਰ-ਯੋਜਨਾਬੱਧ ਵਿਸਤਾਰ, ਮਾਈਨਿੰਗ ਅਤੇ ਤੇਲ ਦੀ ਸ਼ੋਸ਼ਣ, ਮਾਨਵ-ਜੰਗਲ ਦੀ ਅੱਗ ਅਤੇ ਪ੍ਰਦੂਸ਼ਣ ਸਮੇਤ ਹਮਲਾਵਰ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਜੰਗਲ ਦੀ ਜੈਵ ਵਿਭਿੰਨਤਾ ਨੂੰ ਪ੍ਰਭਾਵਿਤ ਕੀਤਾ ਹੈ। ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਨੇ ਹਾਲ ਹੀ ਵਿੱਚ ਅੰਦਾਜ਼ਾ ਲਗਾਇਆ ਹੈ ਕਿ ਜੰਗਲਾਂ ਦੀ ਕਟਾਈ ਕਾਰਨ ਹਰ ਸਾਲ ਦੁਨੀਆ ਦੇ ਲਗਭਗ 13 ਮਿਲੀਅਨ ਹੈਕਟੇਅਰ ਜੰਗਲ ਤਬਾਹ ਹੋ ਜਾਂਦੇ ਹਨ। ਇਕੱਲੇ ਜੰਗਲ ਜੈਵ ਵਿਭਿੰਨਤਾ ਨੂੰ ਬਚਾਉਣ ਲਈ ਹਮਲਾਵਰ ਉਪਾਅ ਈਕੋਸਿਸਟਮ ਨੂੰ ਸੰਤੁਲਨ ਅਤੇ ਇਕਸੁਰਤਾ ਪ੍ਰਦਾਨ ਕਰਨ ਵਾਲੇ ਸਭ ਤੋਂ ਜੈਵਿਕ ਤੌਰ ‘ਤੇ ਅਮੀਰ ਭੂਮੀ ਪ੍ਰਣਾਲੀਆਂ ਵਿੱਚੋਂ ਇੱਕ ਨੂੰ ਬਚਾਉਣ ਵਿੱਚ ਮਦਦ ਕਰ ਸਕਦੇ ਹਨ। ਕਹਾਵਤ, ਵ੍ਰਿਕਸ਼ੋ ਰਕਸ਼ਤਿ ਰਕਸ਼ਤ: (ਰੁੱਖਾਂ ਦੀ ਰੱਖਿਆ ਕਰੋ ਅਤੇ ਉਹ ਤੁਹਾਡੀ ਰੱਖਿਆ ਕਰਨਗੇ), ਸਾਡਾ ਮਾਰਗਦਰਸ਼ਕ ਮੰਤਰ ਹੋਣਾ ਚਾਹੀਦਾ ਹੈ।

ਜਨਵਰੀ 2021 ਵਿੱਚ ਪੈਰਿਸ ਵਿੱਚ “ਵਨ ਪਲੈਨੇਟ ਸਮਿਟ” ਵਿੱਚ ਸ਼ੁਰੂ ਕੀਤੇ ਗਏ ਕੁਦਰਤ ਅਤੇ ਲੋਕਾਂ ਲਈ ਉੱਚ ਅਭਿਲਾਸ਼ਾ ਗਠਜੋੜ ਦੇ ਇੱਕ ਮੈਂਬਰ ਦੇ ਰੂਪ ਵਿੱਚ, ਭਾਰਤ ਸਾਡੀ ਜ਼ਮੀਨ, ਪਾਣੀ ਅਤੇ ਸਮੁੰਦਰਾਂ ਦੇ ਘੱਟੋ-ਘੱਟ 30 ਪ੍ਰਤੀਸ਼ਤ ਹਿੱਸੇ ਦੀ ਸੁਰੱਖਿਆ ਲਈ ਸਰਗਰਮੀ ਨਾਲ ਕੰਮ ਕਰਨ ਲਈ ਵਚਨਬੱਧ ਹੈ, ਅਤੇ 2030 ਤੱਕ 30×30 ਦੀ ਆਪਣੀ ਵਚਨਬੱਧਤਾ ਦੀ ਪਾਲਣਾ ਕਰਦਾ ਹੈ। ਦੇਸ਼ ਭਰ ਵਿੱਚ 75 ਬੀਚਾਂ ਨੂੰ ਕਵਰ ਕਰਨ ਵਾਲੀ 75 ਦਿਨਾਂ ਦੀ ਜਾਗਰੂਕਤਾ ਮੁਹਿੰਮ, “ਸਵੱਛ ਸਾਗਰ, ਸੁਰੱਖਿਅਤ ਸਾਗਰ” ਦੀ ਹਾਲ ਹੀ ਵਿੱਚ ਸ਼ੁਰੂਆਤ, ਸੰਭਾਲ ਅਤੇ ਸਫਾਈ ਪ੍ਰਤੀ ਭਾਰਤ ਦੀ ਵਚਨਬੱਧਤਾ ਦਾ ਪ੍ਰਤੀਬਿੰਬ ਹੈ। ਸਰਕਾਰ ਨੇ 1 ਜੁਲਾਈ, 2022 ਤੋਂ ਘੱਟ ਉਪਯੋਗਤਾ ਅਤੇ ਉੱਚ ਕੂੜਾ ਸੰਭਾਵੀ ਨਾਲ ਸਿੰਗਲ-ਯੂਜ਼ ਪਲਾਸਟਿਕ ਵਸਤੂਆਂ ਦੇ ਨਿਰਮਾਣ, ਆਯਾਤ, ਸਟਾਕਿੰਗ, ਵੰਡ, ਵਿਕਰੀ ਅਤੇ ਵਰਤੋਂ ‘ਤੇ ਪਾਬੰਦੀ ਲਗਾ ਦਿੱਤੀ ਹੈ।

ਆਪਣੀ ਸਾਂਝੀ ਰਿਪੋਰਟ ਵਿੱਚ, ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ਯੂਐਨਈਪੀ), ਵਿਸ਼ਵ ਆਰਥਿਕ ਫੋਰਮ (ਡਬਲਯੂਈਐਫ) ਅਤੇ ਇੱਕਨਾਮਿਕਸ ਫਾਰ ਲੈਂਡ ਡਿਗਰੇਡੇਸ਼ਨ ਇਨੀਸ਼ੀਏਟਿਵ ਨੇ ਜੀ-20 ਦੇਸ਼ਾਂ ਨੂੰ ਜਲਵਾਯੂ ਪਰਿਵਰਤਨ ਵਿਰੁੱਧ ਸ਼ਕਤੀਸ਼ਾਲੀ ਨੇਤਾਵਾਂ ਵਜੋਂ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ। ਵਿਸ਼ਵਵਿਆਪੀ ਤੌਰ ‘ਤੇ, ਮੁੱਖ ਧਾਰਾ ਦੀ ਸੰਭਾਲ ਅਤੇ ਜਲਵਾਯੂ ਟੀਚਿਆਂ ਅਤੇ ਟਿਕਾਊ ਵਿਕਾਸ ਦੇ ਨਤੀਜਿਆਂ ਨੂੰ ਸੰਬੋਧਿਤ ਕਰਨ ਅਤੇ ਪ੍ਰਾਪਤ ਕਰਨ ਦੀ ਜ਼ਰੂਰਤ ਨੂੰ ਸਥਾਨਕ ਪੱਧਰ ‘ਤੇ ਰਾਸ਼ਟਰੀ ਨੀਤੀਆਂ ਅਤੇ ਫੈਸਲੇ ਲੈਣ ਦੇ ਢਾਂਚੇ ਵਿੱਚ ਏਕੀਕ੍ਰਿਤ ਕੀਤਾ ਜਾਣਾ ਚਾਹੀਦਾ ਹੈ। ਤਾਂ ਹੀ ਅਸੀਂ ਕੁਦਰਤ ਨੂੰ ਹੋਏ ਨੁਕਸਾਨ ਨੂੰ ਕੁਝ ਹੱਦ ਤੱਕ ਉਲਟਾਉਣ ਦੀ ਉਮੀਦ ਕਰ ਸਕਦੇ ਹਾਂ।

-ਐਮ ਵੈਂਕਈਆ ਨਾਇਡੂ ਦੁਆਰਾ ਲਿਖਿਆ ਗਿਆ-ਲੇਖਕ ਭਾਰਤ ਦੇ ਉਪ ਰਾਸ਼ਟਰਪਤੀ ਹਨ।

## ਰਾਸ਼ਟਰਮੰਡਲ ਖੇਡਾਂ ਭਾਰਤੀ ਪੁਰਸ਼ ਹਾਕੀ ਟੀਮ ਨੂੰ ਚਾਂਦੀ ਦਾ ਤ਼ਗਮਾ

ਬਰਮਿੰਘਮ(ਪੰਜਾਬ ਮੇਲ)- ਭਾਰਤੀ ਪੁਰਸ਼ ਹਾਕੀ ਟੀਮ ਨੂੰ ਰਾਸ਼ਟਰਮੰਡਲ ਖੇਡਾਂ ਵਿਚ ਚਾਂਦੀ ਦੇ ਤ਼ਗਮੇ ਨਾਲ ਸਬਰ ਕਰਨਾ ਪਿਆ।ਆਸਟਰੇਲੀਆ ਨੇ ਉਸ ਨੂੰ ਫਾਈਨਲ ਵਿਚ 7-0 ਨਾਲ ਹਰਾ ਕੇ ਸੋਨ ਤ਼ਗਮਾ ਜਿੱਤਿਆ।ਆਸਟਰੇਲਿਆਈ ਟੀਮ ਵੱਲੋਂ ਬਲੈਕ ਗੋਵਰਜ਼, ਨਾਥਨ ਐਫਰੌਮਸ, ਜੈਕਬ ਐਂਡਰਸਨ, ਟੌਮ ਵਿਕਹੈਮ ਅਤੇ ਫਿੱਨ ਓਗਿਲਵੀ ਨੇ ਗੋਲ ਕੀਤੇ। ਦੂਸਰੇ ਪਾਸੇ ਮਹਿਲਾ ਹਾਕੀ ਵਿੱਚ ਭਾਰਤ ਨੇ ਸ਼ੂਟਆਊਟ ’ਚ ਨਿਊਜ਼ੀਲੈਂਡ ਨੂੰ 2-1 ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤ ਲਿਆ।

ਭਾਰਤੀ ਟੀਮ ਮੈਚ ਦੇ ਅੰਤਿਮ ਪਲਾਂ ‘ਚ 1-0 ਨਾਲ ਅੱਗੇ ਸੀ ਪਰ ਆਖਰੀ 30 ਸੈਕਿੰਡਾਂ ਤੋਂ ਵੀ ਘੱਟ ਸਮੇਂ ‘ਚ ਉਸ ਨੇ ਵਿਰੋਧੀ ਟੀਮ ਨੂੰ ਪੈਨਲਟੀ ਕਾਰਨਰ ਦਿਵਾ ਦਿੱਤਾ ਤੇ ਇਹ ਪੈਨਲਟੀ ਸਟਰੋਕ ਵਿੱਚ ਬਦਲਿਆ ਗਿਆ ਓਲੀਵੀਆ ਮੈਰੀ ਨੇ ਗੋਲ ਦਾਗ ਕੇ ਨਿਊਜ਼ੀਲੈਂਡ ਨੂੰ ਬਰਾਬਰੀ ’ਤੇ ਲੈਆਂਦਾ। ਇਸ ਤੋਂ ਬਾਅਦ ਮੈਚ ਸ਼ੂਟ ਆਊਟ ’ਤੇ ਚਲਾ ਗਿਆ। ਭਾਰਤ ਨੇ ਸ਼ੂਟਆਊਟ ’ਚ ਸਬਰ ਬਰਕਰਾਰ ਰੱਖਿਆ। ਟੀਮ ਨੇ ਮੈਚ ਤੇ ਤਮਗਾ ਜਿੱਤ ਲਿਆ।




TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਮੋਦੀ ਸਰਕਾਰ ਦੀ 'ਹਰ ਘਰ ਤਿਰੰਗਾ ਮੁਹਿੰਮ' ਅਤੇ ਆਰ ਐੱਸ ਐੱਸ

ਦਿੱਲੀ (ਦਿਲਨਵਾਜ਼ ਪਾਸ਼ਾ ਬੀਬੀਸੀ ਪੱਤਰਕਾਰ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਹਰ ਘਰ ਤਿਰੰਗਾ' ਮੁਹਿੰਮ ਦਾ ਐਲਾਨ ਕੀਤਾ ਹੈ ਜਿਸ ਦੇ ਤਹਿਤ ਦੇਸ਼ ਦੇ 24 ਕਰੋੜ ਘਰਾਂ ਵਿੱਚ 13-15 ਅਗਸਤ ਵਿਚਾਲੇ ਤਿਰੰਗਾ ਲਹਿਰਾਇਆ ਜਾਵੇਗਾ। ਇਹ ਭਾਰਤ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ 'ਤੇ ਮਨਾਏ ਜਾ ਰਹੇ 'ਅੰਮ੍ਰਿਤ ਮਹੋਤਸਵ' ਦੇ ਤਹਿਤ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਰਤੀ ਜਨਤਾ ਪਾਰਟੀ ਦੇ ਮੰਤਰੀਆਂ ਅਤੇ ਨੇਤਾਵਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਪ੍ਰੋਫਾਈਲ ਪਿਕਚਰ ਵਿੱਚ ਤਿਰੰਗਾ ਲਗਾਇਆ ਹੈ।

ਉੱਥੇ ਹੀ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਤਿਰੰਗਾ ਲਹਿਰਾਉਂਦੇ ਹੋਏ ਤਸਵੀਰ ਨੂੰ ਪ੍ਰੋਫਾਈਲ ਪਿਕਚਰ ਬਣਾਇਆ ਹੈ। ਕਾਂਗਰਸ ਦੇ ਹੋਰਨਾਂ ਆਗੂਆਂ ਨੇ ਵੀ ਇਸੇ ਤਸਵੀਰ ਨੂੰ ਲਗਾਇਆ ਹੈ।

ਹੁਣ 'ਹਰ ਘਰ ਤਿਰੰਗਾ' ਮੁਹਿੰਮ ਨੂੰ ਲੈ ਕੇ ਇੱਕ ਨਵਾਂ ਵਿਵਾਦ ਵੀ ਸ਼ੁਰੂ ਹੋ ਗਿਆ ਹੈ। ਕਾਂਗਰਸ ਨੇ ਹਿੰਦੂਤਵਵਾਦੀ ਸੰਗਠਨ ਆਰਐੱਸਐੱਸ 'ਤੇ ਤਿਰੰਗਾ ਵਿਰੋਧੀ ਹੋਣ ਦਾ ਇਲਜ਼ਾਮ ਲਗਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਵੀ ਆਰਐੱਸਐੱਸ ਸਵੈਮ-ਸੇਵਕ ਕਹਿ ਰਹੇ ਹਨ ਅਤੇ ਆਰਐੱਸਐੱਸ ਦੇ ਨਾਲ ਜੁੜਾਅ ਅਤੇ ਉਸ ਪ੍ਰਤੀ ਲਗਾਅ ਨੂੰ ਉਨ੍ਹਾਂ ਨੇ ਕਦੇ ਨਹੀਂ ਲੁਕਾਇਆ।

ਆਰਐੱਸਐੱਸ 'ਤੇ ਨਿਸ਼ਾਨਾ ਸਾਧਦਿਆਂ ਹੋਇਆ ਰਾਹੁਲ ਗਾਂਧੀ ਨੇ ਇੱਕ ਟਵੀਟ ਵਿੱਚ ਕਿਹਾ, "ਇਤਿਹਾਸ ਗਵਾਹ ਹੈ, "ਹਰ ਘਰ ਤਿਰੰਗਾ" ਮੁਹਿੰਮ ਚਲਾਉਣ ਵਾਲੇ, ਉਸ ਦੇਸ਼ਧ੍ਰੋਹੀ ਸੰਗਠਨ ਤੋਂ ਨਿਕਲੇ ਹਨ, ਜਿਨ੍ਹਾਂ ਨੇ 52 ਸਾਲ ਤਿਰੰਗਾ ਨਹੀਂ ਲਹਿਰਾਇਆ।"ਹਾਲਾਂਕਿ, ਬੀਬੀਸੀ ਨਾਲ ਗੱਲਬਾਤ ਦੌਰਾਨ ਆਰਐੱਸਐੱਸ ਦੇ ਪ੍ਰਚਾਰ ਮੁਖੀ ਸੁਨੀਲ ਅੰਬੇਡਕਰ ਨੇ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ ਅਤੇ ਕਿਹਾ ਹੈ ਕਿ ਆਰਐੱਸਐੱਸ ਤਿਰੰਗੇ ਦਾ ਸਨਮਾਨ ਕਰਦਾ ਹੈ।

ਭਾਰਤ ਸਰਕਾਰ ਦੇ ਮੰਤਰੀਆਂ ਅਤੇ ਭਾਜਪਾ ਦੇ ਨੇਤਾਵਾਂ ਨੇ ਤਾਂ ਆਪਣੀ ਪ੍ਰੋਫਾਈਲ ਪਿਕਚਰ ਵਿੱਚ ਤਿਰੰਗਾ ਲਗਾਇਆ ਹੈ ਪਰ ਆਰਐੱਸਐੱਸ ਨੇ ਆਪਣੇ ਅਧਿਕਾਰਤ ਪੇਜ ਜਾਂ ਆਰਐੱਸਐੱਸ ਨਾਲ ਜੁੜੇ ਹੋਏ ਮੋਹਰੀ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਪ੍ਰੋਫਾਈਲ ਤਸਵੀਰ ਵਿੱਚ ਤਿਰੰਗੇ ਦੀ ਵਰਤੋਂ ਨਹੀਂ ਕੀਤੀ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦਾ ਆਪਣਾ ਝੰਡਾ ਭਗਵਾਂ ਹੈ ਅਤੇ ਤਿਰੰਗੇ ਪ੍ਰਤੀ ਆਰਐੱਸਐੱਸ ਦੇ ਨਜ਼ਰੀਏ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ।

ਧਾਰਮਿਕ ਰਾਸ਼ਟਰਵਾਦ ਦੇ ਸਕਾਲਰ ਸ਼ਮਸ ਉਲ ਇਸਲਾਮ, ਜਿਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਵਿੱਚ ਵੀ ਪੜ੍ਹਾਇਆ ਹੈ, 'ਹਰ ਘਰ ਤਿਰੰਗਾ' ਮੁਹਿੰਮ 'ਤੇ ਭਾਜਪਾ ਅਤੇ ਆਰਐੱਸਐੱਸ ਦੀ ਆਲੋਚਨਾ ਕਰਦਿਆਂ ਹੋਇਆ ਕਹਿੰਦੇ ਹਨ ਕਿ ਆਰਐੱਸਐੱਸ ਨੇ ਕਦੇ ਵੀ ਤਿਰੰਗੇ ਨੂੰ ਸਵੀਕਾਰ ਨਹੀਂ ਕੀਤਾ ਹੈ।

ਸ਼ਮਸ ਉਲ ਇਸਲਾਮ ਕਹਿੰਦੇ ਹਨ, "1925 ਵਿੱਚ ਆਪਣੀ ਸਥਾਪਨਾ ਤੋਂ ਬਾਅਦ ਹੀ ਆਰਐੱਸਐੱਸ ਨੇ ਹਰ ਉਸ ਚੀਜ਼ ਨਾਲ ਨਫ਼ਰਤ ਕੀਤੀ ਹੈ ਜੋ ਬਰਤਾਨਵੀਂ ਹਕੂਮਤ ਖ਼ਿਲਾਫ਼ ਇੱਕਜੁਟ ਭਾਰਤੀ ਸੰਘਰਸ਼ ਦਾ ਪ੍ਰਤੀਕ ਰਹੀ ਹੈ।"



"ਸਾਲ 1930 ਵਿੱਚ ਜਦੋਂ 26 ਜਨਵਰੀ ਆ ਰਹੀ ਸੀ ਉਦੋਂ ਤਤਕਾਲੀ ਸੰਘ ਚਾਲਕ ਹੈਡਗੇਵਾਰ ਨੇ ਸਾਰੇ ਸਵੈਮਸੇਵਕਾਂ ਨੂੰ ਰਾਸ਼ਟਰੀ ਝੰਡੇ ਵਜੋਂ ਭਗਵਾਂ ਝੰਡੇ ਦੀ ਪੂਜਾ ਕਰਨ ਦਾ ਆਦੇਸ਼ ਦਿੰਦਿਆਂ ਹੋਇਆ ਸਰਕੂਲਰ ਜਾਰੀ ਕੀਤਾ ਸੀ।"

ਸ਼ਮਸ ਉਲ ਇਸਲਾਮ ਕਹਿੰਦੇ ਹਨ, "ਇਸ ਸਰਕੂਲਰ ਨੂੰ ਕਦੇ ਵੀ ਵਾਪਸ ਨਹੀਂ ਲਿਆ ਗਿਆ। ਆਰਐੱਸਐੱਸ ਦੇ ਸਭ ਤੋਂ ਪ੍ਰਮੁਖ ਵਿਚਾਰਕ ਐੱਮਐੱਸ ਗੋਲਵਲਕਰ ਨੇ 14 ਜੁਲਾਈ 1946 ਨੂੰ ਨਾਗਪੁਰ ਵਿੱਚ ਆਰਐੱਸਐੱਸ ਦੇ ਮੁੱਖ ਦਫ਼ਤਰ ਵਿੱਚ ਗੁਰੂ ਪੂਰਨਿਮਾ (ਪੂਰਨਮਾਸ਼ੀ) 'ਤੇ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦਿਆਂ ਹੋਇਆ ਕਿਹਾ ਸੀ, ਭਗਵਾਂ ਝੰਡਾ ਭਾਰਤੀ ਸੰਸਕ੍ਰਿਤੀ ਦੀ ਅਗਵਾਈ ਕਰਦਾ ਹੈ।" "ਇਹ ਈਸ਼ਵਰ ਤਾਂ ਪ੍ਰਤੀਕ ਹਨ ਅਤੇ ਸਾਡਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਇੱਕ ਦਿਨ ਪੂਰਾ ਰਾਸ਼ਟਰ ਇਸੇ ਝੰਡੇ ਨੂੰ ਨਮਨ ਕਰੇਗਾ।"

ਸ਼ਮਸ ਉਲ ਇਲਸਾਮ ਕਹਿੰਦੇ ਹਨ ਕਿ ਜਦੋਂ 15 ਅਗਸਤ 1947 ਤੋਂ ਇੱਕ ਦਿਨ ਪਹਿਲਾਂ ਦੀ ਸ਼ਾਮ ਜਦੋਂ ਲਾਲ ਕਿਲੇ 'ਤੇ ਤਿਰੰਗਾ ਲਹਿਰਾਉਣ ਦੀ ਤਿਆਰੀ ਹੋ ਰਹੀ ਸੀ ਅਤੇ ਪੂਰੇ ਦੇਸ਼ ਵਿੱਚ ਲੋਕ ਤਿਰੰਗਾ ਹੱਥ ਵਿੱਚ ਲੈ ਕੇ ਜਸ਼ਨ ਮਨਾ ਰਹੇ ਸਨ, ਉਦੋਂ ਵੀ ਆਰਐੱਸਐੱਸ ਨੇ ਤਿਰੰਗੇ ਦਾ ਵਿਰੋਧ ਕੀਤਾ ਸੀ।

ਇਸਲਾਮ ਕਹਿੰਦੇ ਹਨ, "14 ਅਗਸਤ, 1947 ਨੂੰ ਆਰਐੱਸਐੱਸ ਦੇ ਮੁਖ ਪੱਤਰ 'ਆਰਗਾਈਨਜ਼ਰ' ਵਿੱਚ ਪ੍ਰਕਾਸ਼ਿਤ ਇੱਕ ਸੰਪਾਦਕੀ ਵਿੱਚ ਕਿਹਾ ਗਿਆ ਸੀ ਜੋ ਲੋਕ ਕਿਸਮਤ ਨਾਲ ਸੱਤਾ ਵਿੱਚ ਆ ਗਏ ਹਨ, ਉਨ੍ਹਾਂ ਨੇ ਸਾਡੇ ਹੱਥਾਂ ਵਿੱਚ ਤਿਰੰਗਾ ਫੜ੍ਹਾ ਦਿੱਤਾ ਹੈ ਪਰ ਇਸ ਨੂੰ ਹਿੰਦੂ ਕਦੇ ਸਵੀਕਾਰ ਨਹੀਂ ਕਰੇਗਾ ਅਤੇ ਕਦੇ ਇਸ ਦਾ ਸਨਮਾਨ ਨਹੀਂ ਕਰੇਗਾ।" "ਤਿੰਨ ਸ਼ਬਦ ਆਪਣੇ ਆਪ ਵਿੱਚ ਅਸ਼ੁੱਭ ਹਨ ਅਤੇ ਤਿੰਨ ਰੰਗਾਂ ਵਾਲਾ ਝੰਡਾ ਨਿਸ਼ਚਿਤ ਤੌਰ 'ਤੇ ਬੁਰਾ ਮਨੋਵਿਗਿਆਨਕ ਪ੍ਰਭਾਵ ਪੈਦਾ ਕਰੇਗਾ ਅਤੇ ਦੇਸ਼ ਲਈ ਹਾਨੀਕਾਰਕ ਸਾਬਿਤ ਹੋਵੇਗਾ।"ਸ਼ਮਸ ਉਲ ਇਸਲਾਮ ਸਵਾਲ ਕਰਦੇ ਹਨ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਹਰ ਘਰ ਤਿਰੰਗਾ ਮੁਹਿੰਮ ਚਲਾ ਰਹੇ ਹਨ।"ਕੀ ਉਹ ਆਰਐੱਸਐੱਸ ਦੇ ਮੁੱਖ ਵਿਚਾਰਕ ਗੋਲਵਲਕਰ ਦੀ ਪੁਸਤਕ 'ਵਿਚਾਰ ਨਵਨੀਤ' ਤੋਂ ਉਸ ਪਾਠ ਨੂੰ ਹਟਵਾਉਣਗੇ ਜਿਸ ਵਿੱਚ ਤਿਰੰਗੇ ਦੀ ਆਲੋਚਨਾ ਕੀਤੀ ਗਈ ਹੈ?"

ਸੰਘ ਦੇ ਆਗੂ ਸੁਨੀਲ ਅੰਬੇਡਕਰ ਕਹਿੰਦੇ ਹਨ, "ਸੰਘ ਦਾ ਉਦੇਸ਼ ਹੀ ਰਾਸ਼ਟਰ ਲਈ ਹੈ। ਜਦੋਂ ਸੰਘ ਨੇ ਸੰਵਿਧਾਨ ਨੂੰ ਸਵੀਕਾਰ ਕੀਤਾ ਹੈ, ਦੇਸ਼ ਨੂੰ ਸਵੀਕਾਰ ਕੀਤਾ ਹੈ ਤਾਂ ਉਸ ਨਾਲ ਜੁੜੀ ਹਰ ਚੀਜ਼ ਨੂੰ ਵੀ ਸਵੀਕਾਰ ਕੀਤਾ ਹੈ।" "ਸੰਘ ਚਾਲਕ ਮੋਹਨ ਭਾਗਵਤ ਨੇ ਵਿਗਿਆਨ ਭਵਨ ਦੇ ਸੰਬੋਧਨ ਵਿੱਚ ਇਸ ਬਾਰੇ ਵਿਸਥਾਰ ਨਾਲ ਦੱਸਿਆ ਵੀ ਸੀ।"ਸਾਲ 2002 ਤੱਕ ਤਿਰੰਗਾ ਨਾ ਲਗਾਉਣ ਦੇ ਪ੍ਰਸ਼ਨ 'ਤੇ ਅੰਬੇਡਕਰ ਕਹਿੰਦੇ ਹਨ, "2004 ਤੱਕ ਨਿੱਜੀ ਤੌਰ 'ਤੇ ਤਿਰੰਗੇ ਲਗਾਉਣ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਸਨ।"

"2004 ਵਿੱਚ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ। ਉਦੋਂ ਤੋਂ ਸੰਘ ਦਫ਼ਤਰ 'ਤੇ ਵੀ ਕੌਮੀ ਝੰਡਾ ਲਹਿਰਾਇਆ ਜਾ ਰਿਹਾ ਹੈ। ਇਸ ਨਾਲ ਪਹਿਲਾਂ ਵੀ ਸਵੈਮ ਸੇਵਕ ਅਤੇ ਕਈ ਸੰਸਥਾਵਾਂ ਤਾਂ ਕੌਮੀ ਝੰਡਾ ਲਹਿਰਾਉਂਦੀਆਂ ਹੀ ਰਹੀਆਂ ਹਨ।"


ਪਰ ਜੇ ਇਨ੍ਹਾਂ ਅਪਵਾਦਾਂ ਨੂੰ ਛੱਡ ਦਈਏ ਤਾਂ 2002 ਤੋਂ ਸੰਘ ਨੇ ਆਪਣੇ ਮੁੱਖ ਦਫ਼ਤਰ ਵਿੱਚ ਤਿਰੰਗਾ ਨਹੀਂ ਲਹਿਰਾਇਆ। 26 ਜਨਵਰੀ, 2001 ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁੱਖ ਦਫ਼ਤਰ 'ਤੇ ਤਿਰੰਗਾ ਲਹਿਰਾਉਣ ਦੀ ਕੋਸ਼ਿਸ਼ ਕਰਨ ਦੇ ਇਲਜ਼ਾਮ ਵਿੱਚ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ।

ਪੀਟੀਆਈ ਦੀ ਇੱਕ ਰਿਪੋਰਟ ਮੁਤਾਬਕ ਇਨ੍ਹਾਂ ਸਾਰਿਆਂ ਨੂੰ 2013 ਵਿੱਚ ਬਰੀ ਕਰ ਦਿੱਤਾ ਗਿਆ ਸੀ। ਰਾਸ਼ਟਰ ਪ੍ਰੇਮੀ ਨੌਜਵਾਨ ਦਲ ਦੇ ਵਰਕਰ ਬਾਬਾ ਮੇਂਡੇ, ਰਮੇਸ਼ ਕਾਲੰਬੇ ਅਤੇ ਦਿਲੀਪ ਚੱਟਾਨੀ ਨੇ ਨਾਗਪੁਰ ਦੇ ਰੇਸ਼ਮਬਾਗ਼ ਸਥਿਤ ਆਰਐੱਸਐੱਸ ਮੁੱਖ ਦਫ਼ਤਰ 'ਤੇ ਜ਼ਬਰਦਸਤੀ ਤਿਰੰਗਾ ਲਹਿਰਾ ਦਿੱਤਾ ਸੀ।

ਪ੍ਰੋਫੈਸਰ ਅਵਨਿਜੇਸ਼ ਕਹਿੰਦੇ ਹਨ, "ਜਿਸ ਤਰ੍ਹਾਂ ਕੱਟੜਪੰਥੀਆਂ ਦਾ ਲਾਲ ਝੰਡਾ ਅਤੇ ਉਹ ਤਿਰੰਗੇ 'ਤੇ ਲਾਲ ਨਿਸ਼ਾਨ ਲਹਿਰਾਉਣ ਦਾ ਨਾਅਰਾ ਦਿੰਦੇ ਹਨ, ਇਸੇ ਤਰ੍ਹਾਂ ਸੰਘ ਦਾ ਭਗਵਾਂ ਝੰਡਾ ਹੈ ਅਤੇ ਆਪਣੇ ਪ੍ਰੋਗਰਾਮਾਂ ਵਿੱਚ ਸੰਘ ਉਸ ਨੂੰ ਲਹਿਰਾਉਂਦਾ ਹੈ।" "ਸੰਘ ਦੀ ਸਿਰਫ਼ ਇਸ ਲਈ ਆਲੋਚਨਾ ਨਹੀਂ ਕੀਤੀ ਜਾ ਸਕਦੀ ਕਿ ਉਸ ਦਾ ਝੰਡਾ ਭਗਵਾਂ ਹੈ। ਇਸ ਦੇਸ਼ ਵਿੱਚ ਸੰਗਠਨਾਂ ਅਤੇ ਦਲਾਂ ਦੇ ਆਪਣੇ-ਆਪਣੇ ਝੰਡੇ ਹਨ।"


GOLDEN STAR PAINTING
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

UNIVERSAL TENT RENTAL LTD.
PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.

Any size tent
NOW HIRING

Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987
NOW HIRING

*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning
Fast & Quality Service Reasonable Rates
Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਬੀਜੇ ਬਿਖੁ ਮੰਗੈ ਅੰਮ੍ਰਿਤ

ਫਿਰ ਮੈਂ ਕਹਿੰਨਾ ਆਹਾ ਕਾਹਦਾ ਨਿਆਓਂ। ਰਬ ਨੇ ਮੇਰੇ ਨਾਲ ਹੀ ਇਓਂ ਕਰਨੀ ਸੀ ਪਰ ਉਗਣਾ ਤਾਂ ਓਹੀ ਸੀ ਜੋ ਬੀਜਿਆ। ਧਰਤੀ ਮੈਨੂੰ ਵਾਪਸ ਓਹੀ ਕਰਦੀ ਜੋ ਮੈਂ ਬੀਜਦਾਂ। ਕਣਕ ਦਾ ਮੈਂ ਇਕ ਦਾਣਾ ਬੀਜਦਾਂ ਓਹ ਕਈ ਦਾਣਿਆਂ ਨਾਲ ਭਰਿਆ ਸਿਟਾ ਮੈਨੂੰ ਵਾਪਸ ਕਰ ਦਿੰਦੀ। ਕਿੰਨਾ ਖ਼ੂਬਸੂਰਤ ਇਨਸਾਫ ਹੈ ਰੱਬ ਸਚੇ ਦੇ ਇਨਾ ਅਸੂਲਾਂ ਦਾ ਕਿ ਮੈਂ ਇਕ ਬੀਜਦਾਂ ਓਹ ਅਗਿਓਂ ਕਈ ਗੁਣਾ ਵਾਪਸ ਕਰ ਦਿੰਦਾ।

ਪਰ ਇਹ ਨਿਰਭਰ ਮੇਰੇ ਉਪਰ ਕਿ ਮੈਂ ਬੀਜਦਾਂ ਕੀ ਹਾਂ। ਬਾਬੇ ਕਹਿੰਦੇ ਕਿੱਕਰਾਂ ਬੀਜ ਕੇ ਤਾਂ ਦਾਖਾਂ ਦੀ ਆਸ ਨਾ ਕਰ ਇਹ ਨਿਆਂ ਨਹੀ।

ਤੁਸੀਂ ਚੰਗੇ ਭਲੇ ਬੈਠੇ ਬੰਦੇ ਨੂੰ ਸੂਲ ਚੋਭੋਂਗੇ ਤਾਂ ਉਸ ਕੋਲੋਂ 'ਊਈ' ਦੇ ਨਾਲ ਅਗਲਾ ਛੰਦ ਤਾਂ ਆਪੇ ਨਿਕਲ ਜਾਣਾ। ਜੇ ਬੰਦਾ ਸਿਆਣਾ ਹੋਇਆ ਤਾਂ ਇਨਾ ਤਾਂ ਜਰੂਰ ਕਹੂ,

'ਤੇਰੇ ਮਰ ਜਾਣ ਜੰਮਣ ਵਾਲੇ'।

ਬਿਖ ਬੀਜ ਕੇ ਅੰਮ੍ਰਿਤ ਦੀ ਆਸ ਰਖਣ ਵਾਲਾ ਜਾਂ ਮਚਲਾ ਜਾਂ ਮੂਰਖ। ਸਿਆਣੇ ਆਂਹਦੇ ਓਹ ਨਾ ਬੀਜੋ ਜੋ ਤੁਸੀਂ ਵਢਣਾ ਨਹੀ ਚਾਹੁੰਦੇ ਕਿਓਂਕਿ ਬੀਜਿਆ ਹੋਇਆ ਤਾਂ ਉਗਣਾ ਹੀ ਹੈ।

ਮਾਈ ਨੇ ਭਟਕਿਆ ਰਾਹੀ ਜਾਣ ਚੰਗੀ ਸੇਵਾ ਕੀਤੀ। ਰੋਟੀ ਪਾਣੀ ਤੋਂ ਬਾਅਦ ਤਾਜੀ ਸੂਈ ਮੱਝ ਦੇ ਦੁਧ ਦੀ ਖੀਰ ਅਗੇ ਲਿਆ ਰੱਖੀ ਤਾਂ ਖਾਣ ਵਾਲਾ ਕਹਿੰਦਾ ਮਾਈ ਉਰੇ ਹੋਈਂ ਜਰਾ।ਕਹਿੰਦਾ ਮੈਂ ਕਦ ਦਾ ਸੋਚੀ ਜਾਂਨਾ ਕਿ ਮੱਝ ਤਾਂ ਸੁਖ ਨਾ ਚੰਗੀ ਪਲੀ ਹੋਈ ਥੋਡੀ ਪਰ ਦਰਵਾਜਾ ਬੜਾ ਛੋਟਾ ਰੱਖਿਆ ਕਲ ਨੂੰ ਜੇ ਮੱਝ ਮਰ ਜਾਏ ਤਾਂ ਇਸ ਨੂੰ ਕੱਢਣਾ ਕਿੱਧਰ ਦੀ ਜਾਂ ਫਿਰ ਕੰਧ ਪਾੜਨੀ ਪਊ। ਕਿ ਨਹੀ?ਜੋ ਅੱਗੇ ਉਸ ਨਾਲ ਹੋਇਆ ਓਹ ਤੁਹਾਨੂੰ ਪਤਾ ਈ ਐ ਪਰ ਜਿਸ ਕੌਮ ਨੇ ਸਿਰ ਤੇ ਛਤ ਦਿਤੀ, ਸੁਖ ਸਹੂਲਤਾਂ ਦੇ ਸਾਰੇ ਸਾਧਨ ਦਿਤੇ, ਵਡੇ ਮਹਿਲ ਮੁਨਾਰੇ ਦਿਤੇ, ਲਗਜ਼ਰੀ ਗਡੀਆਂ, ਫੋਨ, ਖਾਣ ਪੀਣ ਯਾਣੀ ਰਾਜਿਆਂ ਵਰਗਾ ਜੀਵਨ ਪਰ ਤੁਸੀਂ ਓਸੇ ਕੌਮ ਦੀ ਓ ਈ ਮੱਝ ਮਾਰਨ ਤੁਰ ਪਓਂ ਤਾਂ ਸਿਰ ਚੋਂ ਤਤੀ ਤਤੀ ਖੀਰ ਤਾਂ ਫਿਰ ਚੋਣੀ ਬਣਦੀ ਹੀ ਐ।

ਬਾਬਾ ਜੀ ਅਪਣੇ ਕਹਿੰਦੇ ਫਿਰ ਤੂੰ ਨਿਆਂ ਦੀ ਗਲ ਕਰਦੈਂ ਪਰ ਬੀਜਦਾਂ ਬਿਖ ਹੈਂ। ਬਿਖ ਦੇ ਬਿਰਸ਼ ਨਾਲ ਅੰਮ੍ਰਿਤ ਦੇ ਫਲ ਕਦੇ ਨਾ ਲਗੇ। ਕੰਡੇ ਬੀਜ ਕੇ ਫਿਰ ਆਵਦੀ ਵਾਰੀ ਆਹਾ ਦੇਖੋ ਵਡੇ ਧਰਮੀਆਂ ਦਾ ਹਾਲ, ਆਹਾ ਦੇਖੋ ਗਾਹਲਾ, ਆਹਾ ਦੇਖੋ ਗੁੰਡੇ, ਬਦਮਾਸ਼, ਧਰਮ ਦੇ ਠੇਕੇਦਾਰ। ਦੇਖੋ ਗਾਤਰੇ ਪਾਏ, ਦੇਖੋ, ਦੇਖੋ, ਪਰ ਬੋਲੀ ਦੇਖੋ, ਭਾਸ਼ਾ ਦੇਖੋ।ਦੇਖਣਾ ਕੀ ਦਿਸਦਾ ਈ ਐ ਕਿ ਗੁੰਡਾਗਰਦੀ ਬੀਜੀ ਸੀ ਓਹੀ ਉਗ ਆਈ, ਬਦਮਾਸ਼ੀ ਬੀਜੀ ਸੀ ਓਸੇ ਨੂੰ ਈ ਫਲ ਲਗਿਆ, ਕੰਡੇ ਬੀਜੇ ਸੀ ਹੁਣ ਜਿੰਨਾ ਦੇ ਚੁਬਦੇ ਓਹ ਅਗਿਓਂ ਅੰਮ੍ਰਿਤਿ ਤਾਂ ਲੈ ਕੇ ਬੈਠੇ ਨਹੀ।ਨਿੱਜੀ ਜਿੰਦਗੀ ਵਿਚ ਵੀ ਮੈਂ ਇਕ ਝੂਠ ਬੀਜਾਂਗਾ ਤਾਂ ਕਈ ਝੂਠ ਮੇਰੇ ਸਾਹਵੇਂ ਉਗ ਖਲੋਣਗੇ। ਡਰੱਗਾਂ ਜਾਂ ਨਸ਼ੇ ਬੀਜਣ ਵਾਲਿਆਂ ਦੇ ਨਿਆਣਿਆਂ ਦਾ ਹਾਲ ਦੇਖ ਲਓ। ਸਾਡੇ ਸ਼ਹਿਰ ਵਿਚ ਹੀ ਕਈਆਂ ਦੇ ਭੰਗ ਭੁਝ ਚੁਕੀ ਰਹਿੰਦਿਆਂ ਦੀ ਠਹਿਰ ਕੇ ਭੁਝ ਜਾਊ। ਹੁਣ ਨਾ ਭੁੱਝੀ ਤਾਂ ਅਗਲੀ ਨਸਲ ਤਕ ਪਹੁੰਚਦਿਆਂ ਭੁੱਝ ਜਾਊ। ਕਈ ਬੀਜ ਥੋੜਾ ਦੇਰ ਨਾਲ ਉਗ ਆਓਂਦੇ ਪਰ ਉਗਦੇ ਜਰੂਰ। ਬਾਬਾ ਜੀ ਅਪਣੇ ਵਾਰ ਵਾਰ ਮੇਰਾ ਮੋਢਾ ਹਲੂਣਦੇ ਕਿ ਦੇਖੀਂ ਭੁਲੇਖੇ ਨਾਲ ਵੀ ਮਾੜਾ ਬੀਜ ਧਰਤੀ ਵਿਚ ਚਲਾ ਗਿਆ ਉਗ ਆਓਂਣਾ ਈ।ਇਸੇ ਗਰਮੀਆਂ ਮੈਂ ਕਦੂਆਂ ਦੇ ਬੀਅ ਗਡ ਰਿਹਾ ਸਾਂ ਪਰ ਦੋ ਚਾਰ ਕਿਤੇ ਵਿਚ ਕਰੇਲਿਆਂ ਦੇ ਚਲੇ ਗਏ ਹੁਣ ਜਦ ਵਲਾਂ ਵਡੀਆਂ ਹੋਈਆਂ ਤਾਂ ਪਤਾ ਲਗਾ ਕਿ ਕਿਤੇ ਗਲਤੀ ਨਾਲ ਵਿਚ ਕਰੇਲੇ ਚਲੇ ਗਏ। ਪਰ ਜਿਥੇ ਗਏ ਉਥੇ ਕੋਈ ਗਲਤੀ ਨਹੀ। ਉਨ ਸਾਹਵੇਂ ਰਖ ਦਿਤੇ ਕਿ ਆਹਾ ਚਕ ਵਿਚ ਕਰੇਲੇ ਵੀ ਸਨ ਤੇਰੇ।ਅਚੇਤ ਪਾਪ ਤੋਂ ਵੀ ਡਰਨ ਲਈ ਬਾਬੇ ਅਪਣੇ ਇਸੇ ਲਈ ਕਹਿੰਦੇ ਕਿਓਂਕਿ ਰਬੀ ਇਨਸਾਫ ਵਿਚ ਇਹ ਗਲ ਗਵਾਰਾ ਹੀ ਨਹੀ ਕਿ ਬੀਜਾਂ ਮੈਂ ਹੋਰ ਉਗੇ ਕੁਝ ਹੋਰ ਯਾਣੀ ਬੀਜਾਂ ਜਹਿਰ ਉਗੇ ਅੰਮ੍ਰਿਤ।

**–ਗੁਰਦੇਵ ਸਿੰਘ ਸੱਧੇਵਾਲੀਆ**

# ਮਹਾਨ ਵਿਦਵਾਨ ਅਤੇ ਸਿੱਖ ਪ੍ਰਚਾਰਕ ਡਾ. ਸਰੂਪ ਸਿੰਘ ਅਲੱਗ ਦਾ ਦਿਹਾਂਤ



ਅੰਮ੍ਰਿਤਸਰ: ਗੁਰਮਤਿ ਸਾਹਿਤ ਦੀਆਂ ਸਵਾ ਸੌ ਦੇ ਕਰੀਬ ਕਿਤਾਬਾਂ ਦੇ ਲਿਖਾਰੀ ਅਤੇ ਮਹਾਨ ਸਿੱਖ ਵਿਦਵਾਨ ਡਾ.ਸਰੂਪ ਸਿੰਘ ਅਲੱਗ ਦਾ ਦਿਹਾਂਤ ਹੋ ਗਿਆ ਹੈ।ਉਹਨਾਂ ਨੇ ਲੁਧਿਆਣਾ ਦੇ ਦਯਾਨੰਦ ਹਸਪਤਾਲ ਵਿਚ ਆਖ਼ਰੀ ਸਾਹ ਲਏ। ਡਾ. ਸਰੂਪ ਸਿੰਘ ਅਲੱਗ ਸਿੱਖ ਕੌਮ ਲਈ ਨਿਰੰਤਰ ਕਾਰਜਸ਼ੀਲ ਵਿਦਵਾਨ ਲੇਖਕ ਸਨ, ਖ਼ਾਸ ਗੱਲ ਇਹ ਹੈ ਕਿ ਉਹਨਾਂ ਦੀਆਂ ਸਾਰੀਆਂ ਕਿਤਾਬਾਂ ਭੇਟਾ ਰਹਿਤ ਹਨ। ਉਹਨਾਂ ਦੀ ਸ੍ਰੀ ਦਰਬਾਰ ਸਾਹਿਬ ਬਾਰੇ ਲਿਖੀ ਪੁਸਤਕ 'ਹਰਿਮੰਦਰ ਦਰਸ਼ਨ' ਦੇ 218 ਐਡੀਸ਼ਨ ਪ੍ਰਕਾਸ਼ਿਤ ਹੋਏ ਸਨ, ਇਹ ਪੁਸਤਕ ਲੱਖਾਂ ਦੀ ਗਿਣਤੀ ਵਿਚ ਸੰਗਤ ਨੂੰ ਵੰਡੀ ਜਾ ਰਹੀ ਹੈ। ਡਾ. ਸਰੂਪ ਸਿੰਘ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਵਰਤਮਾਨ ਸਮੇਂ ਅਜਿਹੀਆਂ ਸਖਸ਼ੀਅਤਾਂ ਦੇ ਜੀਵਨ ਤੋਂ ਹਰੇਕ ਗੁਰਸਿੱਖ ਨੂੰ ਸੇਧ ਲੈਣ ਦੀ ਜ਼ਰੂਰਤ ਹੈ। ਸਿੱਖ ਵਿਦਵਾਨ ਡਾ. ਸਰੂਪ ਸਿੰਘ ਅਲੱਗ ਦੇ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਗਿਆਨੀ ਰਘਬੀਰ ਸਿੰਘ ਨੇ ਦੁੱਖ ਪ੍ਰਗਟਾਇਆ ਹੈ।


The Builder's Direct

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ


For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com

# ਮਨਦੀਪ ਕੌਰ (ਅਮਰੀਕਾ) ਜਾਨ ਦੇਣ ਲਈ ਤੇ ਜੋਤੀ ਨੂਰਾਂ ਤਲਾਕ ਮੰਗਣ ਲਈ ਮਜਬੂਰ ਕਿਉਂ ਹੋ ਜਾਂਦੀਆਂ ਹਨ?

ਮਨਦੀਪ ਕੌਰ ਦਾ ਦੁਨੀਆਂ ਨੂੰ ਅਲਵਿਦਾ ਕਹਿਣ ਵਾਲਾ ਸੁਨੇਹਾ ਸੁਣਦਿਆਂ, ਜਿਹੜਾ ਦਰਦ ਦਿਲ ਵਿਚ ਉਠਿਆ, ਉਸ ਨੂੰ ਲਫ਼ਜ਼ਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ। ਇਕ ਹੋਰ ਔਰਤ ਘਰ ਦੀ ਮਰਿਆਦਾ ਨੂੰ ਬਚਾਉਂਦੀ ਬਚਾਉਂਦੀ, ਇਸ ਸਮਾਜ ਦੀਆਂ ਰੀਤਾਂ ਨਿਭਾਉਂਦੀ ਕੁਰਬਾਨ ਹੋ ਗਈ। ਛੋਟੀਆਂ ਛੋਟੀਆਂ ਗੱਲਾਂ ਕਾਰਨ ਜ਼ਿੰਦਗੀ ਨਰਕ ਬਣ ਜਾਂਦੀ ਹੈ। ਫੁਲਕੇ ਗੋਲ ਨਹੀਂ, ਦਾਲ ਵਿਚ ਨਮਕ ਘੱਟ ਹੈ, ਸੱਸ ਦੇ ਫ਼ੋਨ ਨੇ ਮੁੰਡੇ ਦੇ ਕੰਨ ਵਿਚ ਕੁੱਝ ਕਹਿ ਦਿਤਾ, ਆਦਿ ਫ਼ਾਲਤੂ ਗੱਲਾਂ ਜਿਨ੍ਹਾਂ ਕਰ ਕੇ ਘਰ ਤਬਾਹ ਹੋ ਜਾਂਦੇ ਹਨ ਤੇ ਕੁੜੀਆਂ ਜਾਂ ਤਾਂ ਮਰ ਜਾਂਦੀਆਂ ਹਨ ਜਾਂ ਜ਼ਿੰਦਾ ਲਾਸ਼ਾਂ ਬਣ ਕੇ ਜਿਉਂਦੀਆਂ ਹਨ। ਇਕ ਪਾਸੇ ਮਨਦੀਪ ਦੀ ਹਾਰ ਤੇ ਦੂਜੇ ਪਾਸੇ ਜੋਤੀ ਨੂਰਾਂ ਦੀ ਦਰਦ ਭਰੀ ਕਹਾਣੀ। ਜਿਸ ਨੂੰ ਰੱਬ ਨੇ ਹੁਨਰ ਨਾਲ ਮਾਲਾ ਮਾਲ ਕੀਤਾ, ਉਸ ਦੀ ਅਪਣੇ ਘਰ ਵਿਚ ਹੀ ਕਦਰ ਨਾ ਹੋਈ। ਉਹ ਘਰ ਵਿਚ ਮਾਰ ਖਾਂਦੀ ਰਹੀ ਤੇ ਅਪਣੇ ਜ਼ਖ਼ਮਾਂ ਦਾ ਦਰਦ ਗੀਤਾਂ ਦੇ ਰੂਪ ਵਿਚ ਸਟੇਜਾਂ ਤੋਂ ਸੁਣਾਉਂਦੀ ਰਹੀ। ਅੱਜ ਸਮਝ ਆਇਆ ਕਿ ਉਸ ਦੇ ਗੀਤਾਂ ਵਿਚਲਾ ਦਰਦ ਉਸ ਦੇ ਅਪਣੇ ਜ਼ਖ਼ਮਾਂ ਦਾ ਦਰਦ ਸੀ। ਅਸੀ ਗੀਤ ਤਾਂ ਮਾਣਦੇ ਗਏ ਪਰ ਦਰਦ ਨੂੰ ਸਮਝ ਨਾ ਪਾਏ।ਹਰ ਪਾਸੇ ਇਹੀ ਸੱਭ ਕੁੱਝ ਹੋ ਰਿਹਾ ਹੈ। ਜਿਸ ਨਾਲ ਦਿਲ ਦੀ ਗੱਲ ਕਰੋ, ਉਸੇ ਦੇ ਘਰ ਵਿਚ ਹੀ ਔਰਤ ਨੂੰ ਮਾਰਨ ਕੁੱਟਣ ਦੀਆਂ ਚੀਕਾਂ ਸੁਣਾਈ ਦੇਂਦੀਆਂ ਹਨ। ਬਸ ਜਦ ਇਹ ਚੀਕਾਂ ਛਾਤੀ ਪਾੜ ਕੇ ਬਾਹਰ ਨਿਕਲਣੋਂ ਵੀ ਅਸਮਰਥ ਹੋ ਜਾਂਦੀਆਂ ਹਨ ਤਾਂ ਕੋਈ ਮਨਦੀਪ ਬਾਹਰ ਆਉਂਦੀ ਹੈ ਜਾਂ ਨੂਰਾਂ। ਅਦਾਲਤਾਂ ਤਲਾਕ ਦੇ ਕੇਸਾਂ ਵਾਲੀਆਂ ਫ਼ਾਈਲਾਂ ਨਾਲ ਲੱਦੀਆਂ ਹੋਈਆਂ ਹਨ। ਤੇ ਇਹ ਔਰਤ ਦੀ ਆਜ਼ਾਦੀ ਦੀ ਸ਼ੁਰੂਆਤ ਨਹੀਂ ਬਲਕਿ ਸਾਡੇ ਸਮਾਜ ਵਾਸਤੇ ਚਿੰਤਾ ਦਾ ਵਿਸ਼ਾ ਹੈ। ਇਨਸਾਨ ਦੁਨੀਆਂ ਵਿਚ ਇਕੱਲਾ ਰਹਿਣ ਵਾਸਤੇ ਨਹੀਂ ਆਉਂਦਾ।ਬਾਬਾ ਨਾਨਕ ਨੇ ਵੀ ਤਾਂ ਗ੍ਰਹਿਸਥੀ ਜੀਵਨ ਨੂੰ ਸੱਭ ਤੋਂ ਜ਼ਿਆਦਾ ਮਾਣ ਦਿਤਾ। ਪਰ ਜੋ ਰਿਸ਼ਤਾ ਇਨਸਾਨ ਨੂੰ ਪਿਆਰ ਦੀ ਬੁਨਿਆਦ ਦਿੰਦਾ ਹੈ, ਉਹ ਇਸ ਕਦਰ ਕੌੜਾ ਕਿਉਂ ਬਣਦਾ ਜਾ ਰਿਹਾ ਹੈ? ਕੀ ਇਕ ਪਤਨੀ ਦੀ ਕਦਰ ਉਸ ਦੇ ਬਣਾਏ ਫੁਲਕਿਆਂ ਦੀ ਗੁਲਾਈ ਨਾਲ ਜੁੜੀ ਹੋਈ ਹੁੰਦੀ ਹੈ? ਅੱਜ ਬੇਟੀਆਂ ਨੂੰ ਪੈਦਾ ਹੁੰਦੇ ਹੀ ਘਰ ਵਿਚ ਪਿਆਰ, ਮਾਣ ਤੇ ਸਤਿਕਾਰ ਮਿਲਦਾ ਹੈ ਪਰ ਸਹੁਰੇ ਘਰ ਜਾ ਕੇ ਉਹ ਸੱਭ ਕੁੱਝ ਗਵਾ ਲੈਂਦੀਆਂ ਹਨ। ਇਥੇ ਕਸੂਰ ਸਿਰਫ਼ ਮੁੰਡਿਆਂ ਦੇ ਮਾਂ-ਬਾਪ ਦਾ ਹੁੰਦਾ ਹੈ ਜਿਨ੍ਹਾਂ ਨੇ ਮੁੰਡੇ ਨੂੰ ਜਵਾਨੀ ਦੇਣ ਦੀ ਥਾਂ ਹੈਵਾਨੀ ਦੇ ਦਿਤੀ ਹੁੰਦੀ ਹੈ ਤੇ ਜੋ ਔਰਤ ਨੂੰ ਸਿਰਫ਼ ਇਕ ਮਸ਼ੀਨ ਵਾਂਗ ਵੇਖਦਾ ਹੈ, ਜਿਸ ਮਸ਼ੀਨ ਦਾ ਫ਼ਰਜ਼ ਸਿਰਫ਼ ਮਰਦ ਦੀਆਂ ਸਾਰੀਆਂ ਖ਼ਾਹਿਸ਼ਾਂ ਪੂਰੀਆਂ ਕਰਨਾ ਹੋਵੇ ਭਾਵੇਂ ਉਹ ਖ਼ਾਹਿਸ਼ਾਂ ਰੱਬ ਦੀ ਮਰਜ਼ੀ ਦੇ ਵੀ ਉਲਟ ਹੋਣ (ਕੁਖ ਵਿਚੋਂ ਕੁੜੀ ਜਾਂ ਮੁੰਡਾ ਪ੍ਰਾਪਤ ਕਰਨ ਦੀ ਮਰਜ਼ੀ ਕੁਦਰਤ ਦੀ ਹੁੰਦੀ ਹੈ ਨਾ ਕਿ ਜਨਨੀ ਦੀ) । ਇਹ ਰੀਤ ਸਾਡੇ ਸਮਾਜ ਨੇ ਸਦੀਆਂ ਤੋਂ ਚਲਾਈ ਹੋਈ ਹੈ। ਬੱਚੇ ਘਰ ਵਿਚ ਦਾਦੀਆਂ, ਨਾਨੀਆਂ, ਮਾਵਾਂ ਨਾਲ ਗ਼ਲਤ ਵਿਤਕਰਾ ਹੁੰਦਾ ਵੇਖਦੇ ਹਨ ਤੇ ਫਿਰ ਉਹੀ ਵਤੀਰਾ ਅਪਣੀਆਂ ਵਹੁਟੀਆਂ ਨਾਲ ਕਰਦੇ ਹਨ। ਮੁੰਡੇ ਨਹੀਂ ਬਦਲੇ ਪਰ ਕੁੜੀਆਂ ਬਦਲ ਰਹੀਆਂ ਹਨ।'ਲੋਕ ਕੀ ਕਹਿਣਗੇ' ਦੀ ਸ਼ਰਮ ਲੱਥ ਰਹੀ ਹੈ। ਸਿਰਫ਼ ਲੋਕਾਂ ਨੂੰ ਵਿਖਾਉਣ ਵਾਸਤੇ ਘਰ ਦੀ ਚਾਰ ਦੀਵਾਰੀ ਵਿਚਲੇ ਨਰਕ ਵਿਚ ਡਿੱਗਣ ਤੋਂ ਬਿਹਤਰ ਕੁੜੀਆਂ ਪਿਆਰ ਦੇ ਬਿਨਾਂ ਰਹਿਣਾ ਚੁਣ ਰਹੀਆਂ ਹਨ। ਹੁਣ ਆਰਥਕ ਆਜ਼ਾਦੀ ਹੈ, ਜਿਸ ਕਾਰਨ ਸੱਭ ਕੁੱਝ ਮੁਮਕਿਨ ਹੋ ਰਿਹਾ ਹੈ। ਅੱਜ ਸਮਾਜ ਨੂੰ ਇਸ ਗੱਲ ਨੂੰ ਸੰਜੀਦਗੀ

ਨਾਲ ਸੋਚਣ ਵਿਚਾਰਨ ਦੀ ਲੋੜ ਹੈ। ਰਿਸ਼ਤੇ ਬਚਾਉਣੇ ਹਨ ਤਾਂ ਪੁਰਾਣੀਆਂ ਰੀਤਾਂ ਨੂੰ ਤੋੜਨਾ ਪਵੇਗਾ। ਬਚਪਨ ਤੋਂ ਹੀ ਅਪਣੇ ਮੁੰਡਿਆਂ ਨੂੰ ਔਰਤ ਦੀ ਕਦਰ ਕਰਨੀ ਸਿਖਾਉਣੀ ਪਵੇਗੀ। ਔਰਤ 'ਤੇ ਹੱਥ ਚੁਕਣਾ ਪਾਪ ਹੈ, ਇਹ ਫ਼ਿਕਰਾ ਉਨ੍ਹਾਂ ਦੇ ਜ਼ਿਹਨ ਵਿਚ ਵਸਾਉਣਾ ਪਵੇਗਾ।ਜੇ ਤੁਸੀ ਅਪਣੇ ਬੱਚਿਆਂ ਦੇ ਘਰ ਵਸਾਣੇ ਹਨ ਤਾਂ ਅੱਜ ਬਜ਼ੁਰਗ ਮਰਦਾਂ ਨੂੰ ਵੀ ਅਪਣੀ ਗ਼ਲਤੀ ਮੰਨ, ਅਪਣੇ ਘਰ ਵਿਚ ਮਾਵਾਂ, ਦਾਦੀਆਂ, ਨਾਨੀਆਂ, ਪਤਨੀਆਂ ਤੋਂ ਮਾਫ਼ੀ ਮੰਗ ਕੇ ਸਤਿਕਾਰ ਦੇਣਾ ਪਵੇਗਾ। ਜੇ ਘਰ ਵਿਚ ਪਿਆਰ ਵਸੇ ਤਾਂ ਉਸ ਤੋਂ ਵੱਡੀ ਦੌਲਤ ਮੁਮਕਿਨ ਨਹੀਂ। ਇਸ ਵਾਸਤੇ ਅਪਣੀ ਹਉਮੈ ਦੀ ਕੁਰਬਾਨੀ ਦੇਣੀ ਪਵੇਗੀ। ਬਾਬਾ ਨਾਨਕ ਦੇ ਹੁਕਮ 'ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ' ਨੂੰ ਮੰਨ ਘਰ ਵਿਚ ਬਰਾਬਰੀ ਦਾ ਮਾਹੌਲ ਤਿਆਰ ਕਰਨਾ ਪਵੇਗਾ। ਹੈ ਹਿੰਮਤ? **– ਨਿਮਰਤ ਕੌਰ**

# ਲੋਕ ਪੂਰੀ ਵਾਹ ਲਾ ਕੇ ਆਜ਼ਾਦੀ ਦੀ ਰੱਖਿਆ ਕਰਨ:ਸੋਨੀਆ

ਨਵੀਂ ਦਿੱਲੀ:-ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਭਾਰਤ ਛੱਡੋ ਅੰਦੋਲਨ ਦੀ 80ਵੀਂ ਵਰ੍ਹੇਗੰਢ ਮੌਕੇ ਦੇਸ਼ ਵਾਸੀਆਂ ਨੂੰ ਨਸੀਹਤ ਦਿੱਤੀ ਕਿ ਉਹ ਦੇਸ਼ ਆਜ਼ਾਦੀ ਦੀ ਪੈਰਵੀ ਲਈ ਆਪਣੀ ਪੂਰੀ ਵਾਹ ਲਾਉਣ। ਵਿਰੋਧੀ ਪਾਰਟੀ ਨੇ ਆਰਐੱਸਐੱਸ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਉਸ ਮੌਕੇ ਸੰਘ ਨੇ ਵੀ ਬਰਤਾਨਵੀ ਸਰਕਾਰ ਵੱਲੋਂ ਕੀਤੇ ਜਾਂਦੇ ਦਮਨ ਦੀ ਕਥਿਤ ਹਮਾਇਤ ਕੀਤੀ ਸੀ। ਸ੍ਰੀਮਤੀ ਗਾਂਧੀ ਨੇ ਇਕ ਸੁਨੇਹੇ ਵਿੱਚ ਕਿਹਾ ਕਿ ਅੱਜ ਦੇ ਇਸ ਇਤਿਹਾਸਕ ਦਿਨ ਜਦੋਂ ਲੱਖਾਂ ਕਾਂਗਰਸੀ ਵਰਕਰਾਂ ਨੂੰ ਮਾਰਿਆ ਕੁੱਟਿਆ ਗਿਆ ਤੇ ਜੇਲ੍ਹੀਂ ਡੱਕਿਆ ਗਿਆ, ਅਰੁਣਾ ਆਸਿਫ਼ ਅਲੀ ਨੇ ਕੌਮੀ ਝੰਡਾ ਹਵਾ ਵਿੱਚ ਲਹਿਰਾਇਆ। ਉਨ੍ਹਾਂ ਵੱਲੋਂ ਵਿਖਾਈ ਦਲੇਰੀ ਆਜ਼ਾਦੀ ਲਈ ਸਾਡੀ ਭਾਲ ਦੀ ਪ੍ਰਤੀਕ ਬਣੀ।ਉਨ੍ਹਾਂ ਕਿਹਾ, ''ਅੱਜ ਜਦੋਂ ਅਸੀਂ ਮਹਾਤਮਾ ਗਾਂਧੀ ਦੀ ਅਗਵਾਈ ਵਾਲੇ ਭਾਰਤ ਛੱਡੋ ਅੰਦੋਲਨ ਨੂੰ ਯਾਦ ਕਰ ਰਹੇ ਹਾਂ, ਅਸੀਂ ਲੱਖਾਂ ਦੇਸ਼ ਵਾਸੀਆਂ ਤੇ ਮਹਿਲਾਵਾਂ ਵੱਲੋਂ ਭਾਰਤ ਦੀ ਆਜ਼ਾਦੀ ਲਈ ਤਾਰੀ ਕੀਮਤ ਨੂੰ ਨਾ ਭੁੱਲੀਏ।ਆਜ਼ਾਦੀ ਨੂੰ ਕਾਇਮ ਰੱਖਣ ਦੇ ਆਪਣੇ ਅਕੀਦੇ ਨੂੰ ਮੁੜ ਦੁਹਰਾਈਏ ਤੇ ਆਪਣੀ ਪੂਰੀ ਤਾਕਤ ਨਾਲ ਇਸ ਦੀ ਰੱਖਿਆ ਕਰੀਏ।'' ਉਧਰ ਕਾਂਗਰਸ ਨੇ ਆਪਣੇ ਅਧਿਕਾਰਤ ਟਵਿੱਟਰ ਹੈਂਡਲ ਤੋਂ ਕੀਤੇ ਟਵੀਟ ਵਿੱਚ ਕਿਹਾ, ''ਦੇਸ਼ ਜਦੋਂ ਕਾਂਗਰਸ ਲੀਡਰਸ਼ਿਪ ਦੀ ਅਗਵਾਈ ਵਿੱਚ ਬਰਤਾਨਵੀ ਸ਼ਾਸਕਾਂ ਖਿਲਾਫ਼ ਫੈਸਲਾਕੁਨ ਲੜਾਈ ਵਿੱਚ ਰੁੱਝਾ ਸੀ, ਆਰਐੱਸਐੱਸ ਨੇ ਨਾ ਸਿਰਫ਼ ਭਾਰਤ ਛੱਡੋ ਅੰਦੋਲਨ ਦਾ ਬਾਈਕਾਟ ਕੀਤਾ ਬਲਕਿ ਪੂਰੀ ਸਰਗਰਮੀ ਨਾਲ ਬ੍ਰਿਟਿਸ਼ ਦੀ ਹਮਾਇਤ ਕੀਤੀ।

GARCHA Plumbing
Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

**8115, 132 ਸਟਰੀਟ, ਸਰੀ, ਬੀ.ਸੀ. V3W 4N5**

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਅਗਸਤ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਕੇ ਬਾਗ ਦਾ ਇਤਿਹਾਸ ਦਿਹਾੜਾ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਭਾਈ ਗੁਲਜਾਰ ਸਿੰਘ ਸਰਾਂਉ ਪਰਿਵਾਰ    2. ਭਾਈ ਤਿਰੰਜਣ ਸਿੰਘ ਮਾਨਸਾਹੀਆਂ ਪਰਿਵਾਰ ਵੱਲੋਂ



ਇਹ ਦੋਨੋਂ ਅਖੰਡਪਾਠ 12 ਅਗਸਤ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 14 ਅਗਸਤ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*12 ਅਗਸਤ ਦਿਨ ਸ਼ੁੱਕਰਵਾਰ ਸਵ. ਸੁੱਚਾ ਸਿੰਘ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਫਾਈਵ ਰਿਵਰ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।
ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾ ਦੁਪਹਿਰ 2.30 ਵਜੇ ਹੋਵੇਗੀ।

*13 ਅਗਸਤ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਬੱਚੀ ਸੰਦੀਪ ਕੌਰ ਤੰਬੜ ਦੇ ਅਨੰਦਕਾਰਜ ਹੋਣਗੇ।

*13 ਅਗਸਤ ਦਿਨ ਸ਼ਨਿਚਰਵਾਰ ਸਵੇਰ ਦੇ ਲੰਗਰਾਂ ਦੀ ਸੇਵਾ ਭਾਈ ਸਿੰਗਾਰਾ ਸਿੰਘ ਪਰਿਵਾਰ ਵੱਲੋਂ ਹੋਵੇਗੀ।

*13 ਅਗਸਤ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਬਲਬੀਰ ਸਿੰਘ ਪਰਿਵਾਰ   2. ਭਾਈ ਕੇਵਲ ਸਿੰਘ ਪਰਿਵਾਰ

*14 ਅਗਸਤ ਦਿਨ ਐਤਵਾਰ ਸਵੇਰ ਦੇ ਕੀਰਤਨ ਤੇ ਲੰਗਰਾਂ ਦੀ ਸੇਵਾ ਭਾਈ ਮਲਕੀਤ ਸਿੰਘ ਕੁਲਾਰ ਪਰਿਵਾਰ ਵੱਲੋਂ ਹੋਵੇਗੀ ਅਤੇ ਕੁੜਮਾਈ ਦੀ ਰਸਮ ਹੋਵੇਗੀ।

*14 ਅਗਸਤ ਦਿਨ ਐਤਵਾਰ ਸਵੇਰ ਨੂੰ ਭਾਈ ਸੁਖਵੀਰ ਸਿੰਘ ਪਰਿਵਾਰ ਵੱਲੋਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ।

*14 ਅਗਸਤ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਬਲਵੰਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*15 ਅਗਸਤ ਦਿਨ ਸੋਮਵਾਰ ਨੂੰ ਜਤਿੰਦਰ ਸਿੰਘ ਦਵਲੈੜ ਦਾ ਅਨੰਦਕਾਰਜ ਹੋਵੇਗਾ।

*18 ਅਗਸਤ ਦਿਨ ਵੀਰਵਾਰ ਨੂੰ ਕੈਵਨ ਬਹਾਦਰ ਸਿੰਘ ਦਾ ਅਨੰਦਕਾਰਜ ਹੋਵੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ  ਕਥਾਵਾਚਕ:ਭਾਈ ਜਸਵਿੰਦਰ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਜਗਜੀਤ ਸਿੰਘ:ਮਰਹੂਮ ਗਜ਼ਲ ਗਾਇਕ ਨੂੰ ਆਪਣਾ ਸਿੱਖੀ ਸਰੂਪ ਕਿਉਂ ਤਿਆਗਣਾ ਪਿਆ ਸੀ





ਮੁੰਬਈ:(ਰੇਹਾਨ ਫ਼ਜ਼ਲ):ਘੱਟ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਮਸ਼ਹੂਰ ਨਿਰਦੇਸ਼ਕ ਸੁਭਾਸ਼ ਘਈ ਕਾਲਜ ਦੇ ਦਿਨਾਂ ਤੋਂ ਹੀ ਜਗਜੀਤ ਸਿੰਘ ਦੇ ਪਰਮ ਮਿੱਤਰ ਸਨ।ਇੱਕ ਵਾਰ ਉਹ ਆਪਣੀ ਯੂਨੀਵਰਸਿਟੀ ਵੱਲੋਂ ਇੱਕ ਯੂਥ ਫੈਸਟੀਵਲ 'ਚ ਸ਼ਾਮਲ ਹੋਣ ਲਈ ਬੰਗਲੌਰ ਗਏ ਸਨ।ਰਾਤ ਦੇ 11 ਵਜੇ ਜਗਜੀਤ ਸਿੰਘ ਦੀ ਵਾਰੀ ਆਈ ਅਤੇ ਮਾਈਕ 'ਤੇ ਜਦੋਂ ਇਹ ਐਲਾਨਿਆ ਗਿਆ ਕਿ ਹੁਣ ਪੰਜਾਬ ਯੂਨੀਵਰਸਿਟੀ ਦਾ ਇੱਕ ਵਿਦਿਆਰਥੀ ਸ਼ਾਸਤਰੀ ਸੰਗੀਤ ਗਾਏਗਾ, ਤਾਂ ਉੱਥੇ ਮੌਜੂਦ ਮੁੰਡੇ ਹੱਸਣ ਲੱਗ ਪਏ।ਮੁੰਡਿਆਂ ਨੂੰ ਲੱਗਦਾ ਸੀ ਕਿ ਪੰਜਾਬ ਤਾਂ ਸਿਰਫ਼ ਭੰਗੜੇ ਲਈ ਮਸ਼ਹੂਰ ਹੈ। ਜਿਵੇਂ ਹੀ ਜਗਜੀਤ ਸਿੰਘ ਸਟੇਜ 'ਤੇ ਆਏ ਤਾਂ ਲੋਕਾਂ ਨੇ ਸੀਟੀਆਂ ਵਜਾਉਣੀਆਂ ਸ਼ੁਰੂ ਕਰ ਦਿੱਤੀਆਂ।ਸੁਭਾਸ਼ ਨੇ ਸੋਚਿਆ ਕਿ ਹੁਣ ਜਗਜੀਤ ਬੁਰੀ ਤਰ੍ਹਾਂ ਨਾਲ ਅਸਫ਼ਲ ਹੋਣ ਵਾਲੇ ਹਨ ਪਰ ਅਜਿਹਾ ਨਾ ਹੋਇਆ।ਜਗਜੀਤ ਸਿੰਘ ਨੇ ਬੋਲ਼ਾ ਕਰ ਦੇਣ ਵਾਲੇ ਰੌਲੇ 'ਚ ਅੱਖਾਂ ਬੰਦ ਕਰਕੇ ਆਲਾਪ ਲੈਣਾ ਸ਼ੁਰੂ ਕੀਤਾ ਅਤੇ ਫਿਰ ਉਨ੍ਹਾਂ ਨੇ 30 ਸਕਿੰਟਾਂ ਬਾਅਦ ਗਾਉਣਾ ਸ਼ੁਰੂ ਕੀਤਾ।ਉੱਥੇ ਮੌਜੂਦ ਸਰੋਤਿਆਂ ਨੂੰ ਸ਼ਾਸਤਰੀ ਸੰਗੀਤ ਦੀ ਸਮਝ ਸੀ ਅਤੇ ਜਲਦੀ ਹੀ ਉਹ ਤਾੜੀਆਂ ਵਜਾਉਣ ਲੱਗ ਪਏ।ਜਦੋਂ ਉਨ੍ਹਾਂ ਨੇ ਆਪਣੀ ਗਾਇਕੀ ਖ਼ਤਮ ਕੀਤੀ ਤਾਂ ਇੰਨ੍ਹੀ ਜ਼ੋਰ ਨਾਲ ਤਾੜੀਆਂ ਵੱਜੀਆਂ ਕਿ ਸੁਭਾਸ਼ ਘਈ ਦੀਆਂ ਅੱਖਾਂ 'ਚ ਹੰਝੂ ਆ ਗਏ ਸਨ।ਇਸ ਯੂਥ ਫੈਸਟੀਵਲ 'ਚ ਹੀ ਜਗਜੀਤ ਸਿੰਘ ਨੂੰ ਪਹਿਲਾ ਇਨਾਮ ਮਿਲਿਆ ਸੀ।ਸਾਲ 1965 'ਚ ਜਦੋਂ ਜਗਜੀਤ ਸਿੰਘ ਬੰਬਈ ਆਏ ਤਾਂ ਉਨ੍ਹਾਂ ਨੇ ਸ਼ੁਰੂ-ਸ਼ੁਰੂ 'ਚ ਬੇਰੀਜ਼ ਰੈਸਟੋਰੈਂਟ 'ਚ ਗਾਉਣਾ ਸ਼ੁਰੂ ਕੀਤਾ।ਫਿਰ ਉਹ ਲੋਕਾਂ ਦੀਆਂ ਨਿੱਜੀ ਮਹਿਫ਼ਲਾਂ 'ਚ ਗਾਉਣ ਲੱਗ ਪਏ ਸਨ। ਕਿਤੇ ਥੋੜੇ ਬਹੁਤ ਪੈਸੇ ਮਿਲ ਜਾਂਦੇ ਜਾਂ ਫਿਰ ਕਿਤੇ ਮੁਫ਼ਤ ਖਾਣਾ ਅਤੇ ਕਿਤੇ ਮੁਫ਼ਤ ਦੀ ਸ਼ਰਾਬ।ਅਜਿਹੀ ਹੀ ਇੱਕ ਮਹਿਫ਼ਲ 'ਚ 'ਇਲਸਟ੍ਰੇਟਿਡ ਵੀਕਲੀ' ਦੇ ਸੰਪਾਦਕ ਖੁਸ਼ਵੰਤ ਸਿੰਘ ਨੇ ਉਨ੍ਹਾਂ ਨੂੰ ਸੁਣਿਆ ਅਤੇ ਆਪਣੇ ਮੈਗਜ਼ੀਨ 'ਵੀਕਲੀ' 'ਚ ਉਨ੍ਹਾਂ ਦੇ ਬਾਰੇ 'ਚ ਕੁਝ ਸਤਰਾਂ ਲਿਖੀਆਂ।ਜਗਜੀਤ ਸਿੰਘ 'ਤੇ ਹਾਲ 'ਚ ਹੀ ਪ੍ਰਕਾਸ਼ਿਤ ਹੋਈ ਕਿਤਾਬ 'ਕਹਾਂ ਤੁਮ ਚਲੇ ਗਏ- ਦਾਸਤਾਨ-ਏ- ਜਗਜੀਤ' ਦੇ ਲੇਖਕ ਰਾਜੇਸ਼ ਬਾਦਲ ਲਿਖਦੇ ਹਨ, "ਉਨ੍ਹਾਂ ਦਿਨਾਂ 'ਚ ਜਗਜੀਤ ਸਿੰਘ 'ਵੀਕਲੀ' ਦੀ ਉਸ ਕਲਿੱਪਿੰਗ ਨੂੰ ਹਮੇਸ਼ਾ ਆਪਣੇ ਕੋਲ ਰੱਖਦੇ ਸਨ ਅਤੇ ਬਹੁਤ ਹੀ ਉਤਸ਼ਾਹ ਨਾਲ ਸਾਹਮਣੇ ਵੱਲੇ ਨੂੰ ਦੱਸਿਆ ਕਰਦੇ ਸਨ ਕਿ ਖੁਸ਼ਵੰਤ ਸਿੰਘ ਨੇ ਉਨ੍ਹਾਂ ਬਾਰੇ ਲਿਖਿਆ ਹੈ।

ਬਾਦਲ ਅੱਗੇ ਲਿਖਦੇ ਹਨ,''ਉਸ ਸਮੇਂ ਉਨ੍ਹਾਂ ਨੇ ਇੱਕ ਥ੍ਰੀ ਪੀਸ ਸੂਟ ਸਵਾਇਆ ਸੀ, ਜਿਸ ਨੂੰ ਕਿ ਉਹ ਰੋਜ਼ਾਨਾ ਆਪ ਪ੍ਰੈਸ ਕਰਿਆ ਕਰਦੇ ਸਨ। ਉਹ ਇੱਕ ਵੱਖਰਾ ਹੀ ਨਜ਼ਾਰਾ ਹੁੰਦਾ ਸੀ ਕਿ ਥ੍ਰੀ ਪੀਸ ਸੂਟ 'ਚ ਇੱਕ ਸਰਦਾਰ ਗਲੇ 'ਚ ਹਾਰਮੋਨੀਅਮ ਟੰਗ ਕੇ ਗੀਤ ਗਾ ਰਿਹਾ ਹੈ।"ਜਦੋਂ ਐੱਚਐੱਮਵੀ ਨੇ ਉਨ੍ਹਾਂ ਦਾ ਪਹਿਲਾ ਰਿਕਾਰਡ ਕੱਢਿਆ ਤਾਂ ਕੰਪਨੀ ਨੇ ਰਿਕਾਰਡ ਦੇ ਕਵਰ 'ਤੇ ਛਾਪਣ ਲਈ ਜਗਜੀਤ ਸਿੰਘ ਦੀ ਤਸਵੀਰ ਮੰਗੀ।ਉਨ੍ਹਾਂ ਨੂੰ ਕਿਹਾ ਗਿਆ ਕਿ ਸੰਗੀਤ ਪ੍ਰੇਮੀ ਇੱਕ ਸਿੱਖ ਨੂੰ ਗਜ਼ਲ ਗਾਉਂਦਾ ਸਵੀਕਾਰ ਨਹੀਂ ਕਰਨਗੇ, ਭਾਵੇਂ ਕਿ ਉਹ ਕਿੰਨਾ ਵੀ ਚੰਗਾ ਕਿਉਂ ਨਾ ਗਾਉਂਦਾ ਹੋਵੇ।ਰਾਜੇਸ਼ ਬਾਦਲ ਦੱਸਦੇ ਹਨ, "ਕੰਪਨੀ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਬਿਨ੍ਹਾਂ ਦਾੜ੍ਹੀ ਅਤੇ ਪੱਗ ਦੇ ਇੱਕ ਤਸਵੀਰ ਖਿੱਚਵਾਉਣ। ਜਗਜੀਤ ਸਿੰਘ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਪਰ ਆਪਣੇ ਕਰੀਅਰ ਦੀ ਖ਼ਾਤਰ ਉਨ੍ਹਾਂ ਨੇ ਆਪਣਾ ਸਿੱਖੀ ਸਰੂਪ ਤਿਆਗਣ ਦਾ ਫੈਸਲਾ ਲਿਆ।"ਉਸ ਸ਼ਾਮ ਇੱਕ ਦਿਲਚਸਪ ਘਟਨਾ ਵਾਪਰੀ। ਰਾਜੇਸ਼ ਬਾਦਲ ਲਿਖਦੇ ਹਨ, ਜਦੋਂ ਉਹ ਆਪਣੇ ਵਾਲ ਕਟਵਾਉਣ ਤੋਂ ਬਾਅਦ ਇੱਕ ਵਿਆਹ ਦੀ ਰਿਸੈਪਸ਼ਨ 'ਤੇ ਗਾਉਣ ਲਈ ਪਹੁੰਚੇ ਤਾਂ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਗੀਤ ਗਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਾਡੀ ਤਾਂ ਇੱਕ ਸਿੱਖ ਨੌਜਵਾਨ ਨਾਲ ਗੱਲਬਾਤ ਹੋਈ ਸੀ।ਤੁਸੀਂ ਕਿਉਂ ਆਏ ਹੋ ? ਉਹ ਕਿੱਥੇ ਹੈ ? ਜਗਜੀਤ ਨੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਮੈਂ ਹੀ ਉਹ ਸਿੱਖ ਹਾਂ ਪਰ ਉਨ੍ਹਾਂ ਨੇ ਜਗਜੀਤ ਦੀ ਇੱਕ ਨਾ ਸੁਣੀ।"ਪ੍ਰਬੰਧਕਾਂ ਨੇ ਕਿਹਾ ਕਿ ਤੁਸੀਂ ਇਹ ਕਿਉਂ ਨਹੀਂ ਕਹਿੰਦੇ ਕਿ ਸਰਦਾਰ ਜੀ ਨੂੰ ਕਿਸੇ ਹੋਰ ਪ੍ਰੋਗਰਾਮ 'ਚ ਵਧੇਰੇ ਪੈਸੇ ਮਿਲ ਰਹੇ ਸੀ, ਇਸ ਲਈ ਉਨ੍ਹਾਂ ਨੇ ਤੁਹਾਨੂੰ ਇੱਥੇ ਭੇਜ ਦਿੱਤਾ ਹੈ।ਜਗਜੀਤ ਸਿੰਘ ਨੇ ਕਿਹਾ ਤੁਸੀਂ ਇੱਕ ਵਾਰ ਮੇਰਾ ਗਾਣਾ ਤਾਂ ਸੁਣੋ। ਮੈਂ ਉਹੀ ਜਗਜੀਤ ਹਾਂ। ਜੇਕਰ ਮੇਰੀ ਆਵਾਜ਼ ਉਹੀ ਹੋਈ ਤਾਂ ਹੀ ਪੈਸੇ ਦੇਣਾ ਨਹੀਂ ਤਾਂ ਨਾ ਦੇਣਾ।ਪ੍ਰਬੰਧਕਾਂ ਨੇ ਕਿਹਾ ਠੀਕ ਹੈ ਤੁਸੀਂ ਗਾਓ, ਪਰ ਜੇਕਰ ਕਿਸੇ ਮਹਿਮਾਨ ਨੇ ਸ਼ਿਕਾਇਤ ਕੀਤੀ ਤਾਂ ਅਸੀਂ ਤੁਹਾਨੂੰ ਗੀਤ ਦੇ ਵਿਚਾਲੇ ਹੀ ਇੱਥੋਂ ਬਾਹਰ ਕਰ ਦੇਵਾਂਗੇ।ਜਿਵੇਂ ਹੀ ਜਗਜੀਤ ਨੇ ਗਾਉਣਾ ਸ਼ੁਰੂ ਕੀਤਾ ਸਾਰੇ ਹੀ ਮਹਿਮਾਨ ਵਾਹ-ਵਾਹ ਕਰਨ ਲੱਗ ਪਏ।

ਉਨਾ ਦੀ ਪਤਨੀ ਚਿਤਰਾ ਯਾਦ ਕਰਦੇ ਹੋਏ ਦੱਸਦੇ ਹਨ, "ਜਦੋਂ ਪਹਿਲੀ ਵਾਰ ਮੈਂ ਜਗਜੀਤ ਨੂੰ ਆਪਣੀ ਬਾਲਕੋਨੀ ਤੋਂ ਵੇਖਿਆ ਤਾਂ ਉਨ੍ਹਾਂ ਨੇ ਇੰਨ੍ਹੀ ਤੰਗ ਪੈਂਟ ਪਾਈ ਹੋਈ ਸੀ ਅਤੇ ਉਨ੍ਹਾਂ ਨੂੰ ਚੱਲਣ 'ਚ ਵੀ ਮੁਸ਼ਕਲ ਹੋ ਰਹੀ ਸੀ। ਉਹ ਮੇਰੇ ਗੁਆਂਢ 'ਚ ਗਾਉਣ ਲਈ ਆਏ ਸਨ।" "ਮੇਰੇ ਗੁਆਂਢੀ ਨੇ ਮੈਨੂੰ ਪੁੱਛਿਆ ਕਿ ਕੀ ਤੁਸੀਂ ਸੰਗੀਤ ਸੁਣੋਗੇ ? ਕਿੰਨ੍ਹਾਂ ਸੋਹਣਾ ਗਾਉਂਦਾ ਹੈ! ਕੀ ਆਵਾਜ਼ ਹੈ ਉਸਦੀ। ਪਰ ਜਦੋਂ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਸੁਣਿਆ ਤਾਂ ਮੈਨੂੰ ਉਹ ਬਿਲਕੁਲ ਵੀ ਪਸੰਦ ਨਹੀਂ ਆਏ। ਮੈਂ ਇਕ ਮਿੰਟ ਬਾਅਦ ਹੀ ਆਪਣੇ ਗੁਆਂਢੀ ਨੂੰ ਟੇਪ ਬੰਦ ਕਰਨ ਲਈ ਕਿਹਾ।" "ਦੋ ਸਾਲ ਬਾਅਦ, ਜਗਜੀਤ ਅਤੇ ਚਿਤਰਾ ਇਤਫ਼ਾਕਨ ਇੱਕ ਹੀ ਸਟੂਡੀਓ 'ਚ ਗੀਤ ਰਿਕਾਰਡ ਕਰ ਰਹੇ ਸੀ।ਚਿਤਰਾ ਯਾਦ ਕਰਦੇ ਹਨ, " ਰਿਕਾਰਡਿੰਗ ਤੋਂ ਬਾਅਦ, ਮੈਂ ਸ਼ਿਸ਼ਟਾਚਾਰ ਵੱਜੋਂ ਹੀ ਜਗਜੀਤ ਸਿੰਘ ਨੂੰ ਆਪਣੀ ਕਾਰ 'ਚ ਲਿਫਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਮੈਂ ਕਿਹਾ ਕਿ ਮੈਂ ਕਰਮਾਈਕਲ ਰੋਡ 'ਤੇ ਉਤਰ ਜਾਵਾਂਗੀ ਅਤੇ ਮੇਰਾ ਡਰਾਇਵਰ ਤੁਹਾਨੂੰ ਤੁਹਾਡੇ ਘਰ ਛੱਡ ਦੇਵੇਗਾ।" "ਜਦੋਂ ਉਹ ਮੇਰੇ ਘਰ ਪਹੁੰਚੇ ਤਾਂ ਮੈਂ ਨਿਮਰਤਾ ਨਾਲ ਉਨ੍ਹਾਂ ਨੂੰ ਆਪਣੇ ਫਲੈਟ 'ਚ ਚਾਹ ਪੀਣ ਲਈ ਬੁਲਾਇਆ।" "ਮੈਂ ਰਸੋਈ 'ਚ ਚਾਹ ਬਣਾਉਣ ਲਈ ਚਲੀ ਗਈ ਅਤੇ ਫਿਰ ਮੈਂ ਡਰਾਇੰਗ ਰੂਮ 'ਚੋਂ ਹਾਰਮੋਨੀਅਮ ਦੀ ਆਵਾਜ਼ ਸੁਣੀ। ਜਗਜੀਤ ਸਿੰਘ ਗਾ ਰਹੇ ਸਨ, ' ਧੂੰਆ ਉਠਾ ਥਾ...' , ਉਸ ਦਿਨ ਤੋਂ ਮੈਂ ਉਨ੍ਹਾਂ ਦੇ ਸੰਗੀਤ ਦੀ ਮੁਰੀਦ ਹੋ ਗਈ।"ਹੌਲੀ-ਹੌਲੀ ਉਨ੍ਹਾਂ ਦੀ ਦੋਸਤੀ ਵਧੀ ਅਤੇ ਦੋਵਾਂ ਨੇ ਇੱਕਠੇ ਗਾਉਣਾ ਸ਼ੁਰੂ ਕਰ ਦਿੱਤਾ।


**AujLawZ** **Tax & Accounting Services**

• Reliable • Professional • Confidential

**(we provide first couple of month's service free)**

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Contact: Gurbachan Aujla

**604-504-1657, 604-835-3693**

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca

0323

**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# *In Loving*

## MEMORY OF



## *Balwant Kaur Mangat*

BA LLB

**The Mangat Family request your presense at the funeral service to be held at**

**Riverside Funeral Home & Crematorium (7410 Hopcott Rd, Delta, BC, V4G 1B6)**

**SATURDAY Aug 13, 2022 @ 11am-12.30pm**

ਬੀਬੀ ਬਲਵੰਤ ਕੌਰ ਮਾਂਗਟ BALLB ਸਪੁੱਤਰੀ ਸ. ਸੋਹਨ ਸਿੰਘ ਧਾਲੀਵਾਲ ਐਮ ਐਲ ਏ (1952-1957 ਬਾਘਾਪੁਰਾਣਾ ਤਹਿਸੀਲ ਮੋਗਾ) ਅਤੇ ਸਰਦਾਰਨੀ ਗੁਰਦਿਆਲ ਕੌਰ (ਅਧਿਆਪਕ ਗੌਰਮਿੰਟ ਹਾਈ ਸਕੂਲ 1965-1975), ਜਿਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ 13 ਅਗਸਤ ਦਿਨ ਸ਼ਨਿਚਰਵਾਰ ਸਵੇਰ 11 ਵਜੇ ਤੋਂ ਦੁਪਹਿਰ 12.30 ਤੱਕ ਫਾਈਵ ਰਿਵਰ ਫਿਊਨਰਲ ਹੋਮ ਹਾਪਕਾਟ ਰੋਡ ਡੈਲਟਾ ਵਿਖੇ ਕੀਤਾ ਜਾਵੇਗਾ।

Qualicare®




# ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ।ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

When keeping your loved one comfortable is the only option that remains, you want care to be offered peacefully, in the warmth of your loved one's home.Providing the kind of care that's required, though, can become a stretch for any family on their own. This leaves many families feeling like their only realistic choice is to transfer their loved ones to a facility. But, your loved one deserves the option to journey through these final stages at home.At Qualicare, we understand how heartbreaking it can feel to receive difficult news and how quickly that heartbreak can be overwhelming when faced with quick decisions and impossible choices. We're right beside you to help you navigate each decision with confidence, starting with End of Life and Comfort Care solutions in the comfort of your loved one's home. Whether your loved one needs help with personal or nursing care, assistance orchestrating a special surprise, or your family needs someone to take care of the details while you focus on spending time with your loved one, our team has a personalized solution to address all the gaps that need to be filled

## Here's how it works:

1.Connect-We'll get to know you and your family wherever you are...
2.Coordinate-Then, we'll facilitate the planning and coordination of care...
3.Cherish-So you can leave the details to us and savor time with your loved one...

**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਮਹਾਨ ਸਿੱਖ ਇਮਾਰਤਸਾਜ਼ ਰਾਮ ਸਿੰਘ ਦਾ 164ਵਾਂ ਜਨਮ ਦਿਨ ਮਨਾਇਆ



ਸਰੀ -ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਆਧੁਨਿਕ ਸਿੱਖ ਇਮਾਰਤਸਾਜ਼ੀ ਦੇ ਬਾਨੀ ਸਰਦਾਰ ਬਹਾਦਰ ਰਾਮ ਸਿੰਘ ਦਾ 164ਵਾਂ ਜਨਮ ਦਿਵਸ ਮਨਾਇਆ ਗਿਆ। ਸਮਾਗਮ ਦਾ ਆਰੰਭ ਸੋਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ।ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਮਹਾਨ ਇਮਾਰਤਸ਼ਾਜ਼ ਰਾਮ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਹੁਨਰਮੰਦ ਕਿਰਤੀ ਪਰਿਵਾਰ ਵਿਚ 1858 ਵਿਚ ਗੁਰਦਾਸਪਰ ਦੇ ਪਿੰਡ ਰਸੂਲਪੁਰ ਵਿਚ ਪੈਦਾ ਹੋਏ ਰਾਮ ਸਿੰਘ ਨੂੰ ਬਚਪਨ ਤੋਂ ਹੀ ਡਰਾਇੰਗ ਦਾ ਸ਼ੌਕ ਸੀ ਅਤੇ ਉਹ ਇਮਾਰਤਾਂ ਦੀ ਚਿੱਤਰਕਾਰੀ ਕਰਨ ਲੱਗ ਪਏ ਸਨ। ਉਨ੍ਹਾਂ ਵੱਲੋਂ ਲੱਕੜੀ ਉਪਰ ਕੀਤੀ ਨੱਕਾਸ਼ੀ ਅਤੇ ਮੀਨਾਕਾਰੀ ਦੀ ਕਲਾ ਉੱਪਰ ਮੇਓ ਕਾਲਜ ਲਾਹੌਰ ਦੇ ਪ੍ਰਿੰਸੀਪਲ ਮਿ: ਜੌਹਨ ਵੁਡ ਕਿਪਲਿੰਗ ਦੀ ਪਾਰਖੂ ਨਜ਼ਰ ਪਈ ਅਤੇ ਉਨ੍ਹਾਂ ਰਾਮ ਸਿੰਘ ਨੂੰ ਆਪਣੇ ਕਾਲਜ ਵਿੱਚ ਡਰਾਇੰਗ ਮਾਸਟਰ ਕਰਨ ਦੇ ਨਾਲ ਆਰਟ ਕਾਲਜ ਲਾਹੌਰ ਦੀ ਇਮਾਰਤ ਸਾਜ਼ੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ।ਰਾਮ ਸਿੰਘ ਨੇ ਆਰਕੀਟੈਕਟ, ਡੀਜ਼ਾਈਨ ਅਤੇ ਇਨਟੀਰਿਅਰ ਡੈਕੋਰੇਸ਼ਨ ਦੇ ਖੇਤਰ 'ਚ ਨਵੇਂ ਮੀਲ ਪੱਥਰ ਕਾਇਮ ਕੀਤੇ। ਜਿਨ੍ਹਾਂ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ, ਆਰਟ ਕਾਲਜ ਲਾਹੌਰ, ਐਟਕੀਸਨ ਕਾਲਜ ਲਾਹੌਰ, ਗਵਰਨਰ ਹਾਊਸ ਸ਼ਿਮਲਾ, ਲਾਹੌਰ ਮਿਊਜ਼ੀਅਮ, ਦਰਬਾਰ ਹਾਊਸ ਕਪੂਰਥਲਾ, ਚੰਬਾ ਹਾਊਸ ਲਾਹੌਰ, ਖੇਤੀਬਾੜੀ ਕਾਲਜ ਲਾਇਲਪੁਰ, ਇਸਲਾਮੀਆਂ ਵਰਸਿਟੀ ਪਿਸ਼ਾਵਰ, ਸ੍ਰੀ ਦਰਬਾਰ ਸਾਹਿਬ ਦੀ ਮਾਰਬਲਿੰਗ ਡਜ਼ਾਈਨਿੰਗ ਸ਼ਾਮਲ ਹਨ। ਪ੍ਰਿੰਸੀਪਲ ਮਿ: ਕਿਪਲਿੰਗ ਦੀ ਸ਼ਿਫਾਰਸ਼ ਅਤੇ ਮਲਕਾ ਵਿਕਟੋਰੀਆ ਦੀ ਮੰਗ 'ਤੇ ਇੰਗਲੈਂਡ ਵਿਚ ਬਿਲੀਆਰਡ ਰੂਮ ਡਿਊਕ ਆਫ ਕਨਾਟ ਬਾਗ ਦੇ ਅੰਦਰੂਨੀ ਸ਼ਿੰਗਾਰ ਵਿਚ ਦਿਖਾਏ ਆਪਣੇ ਹੁਨਰ ਦੇ ਕਮਾਲ ਰਾਹੀਂ ਰਾਮ ਸਿੰਘ ਨੇ ਮਲਕਾ ਵਿਕਟੋਰੀਆ ਦਾ ਦਿਲ ਜਿੱਤ ਲਿਆ।ਅੰਗਰੇਜ਼ੀ ਹਕੂਮਤ ਵੱਲੋਂ ਭਾਈ ਰਾਮ ਸਿੰਘ ਨੂੰ 1905 ਵਿਚ ਕੇਸਰ-ਇ-ਹਿੰਦ, 1907 ਵਿਚ ਸਰਦਾਰ ਸਾਹਿਬ, 1911 ਵਿਚ ਸਰਦਾਰ ਬਹਾਦਰ ਐਵਾਰਡ ਨਾਲ ਨਿਵਾਜਿਆ ਗਿਆ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਗਹੀਰ, ਦਲਜੀਤ ਸਿੰਘ ਪਨੇਸਰ, ਰਾਜਿੰਦਰ ਸਿੰਘ ਪੰਧੇਰ, ਬਿੱਕਰ ਸਿੰਘ ਖੋਸਾ, ਚਰਨ ਸਿੰਘ ਵਿਰਦੀ, ਬਲਿੰਦਰ ਸਿੰਘ ਢੀਂਡਸਾ, ਬੰਤਾ ਸਿੰਘ ਸੱਭਰਵਾਲ, ਮੋਹਿੰਦਰ ਸਿੰਘ ਫਲੋਰੇ, ਨਿਰਮਲ ਸਿੰਘ ਕਲਸੀ, ਦਵਿੰਦਰ ਸਿੰਘ ਜੱਬਲ, ਹਰਦਮ ਸਿੰਘ ਮਾਨ, ਜਰਨੈਲ ਸਿੰਘ ਸਿੱਧੂ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਮੌਜੂਦਾ ਮੈਂਬਰ ਸਾਹਿਬਾਨ ਹਾਜ਼ਰ ਸਨ।


PROTEST - 11 AM TO 1 PM
PLEASE JOIN

MONDAY 15TH AUGUST
EVENT AT
INDIAN HIGH COMMISSION IN VANCOUVER
Event @ 325 Howe St #201, Vancouver, BC V6C 1Z7






Three Sikh Youths Sentenced to Life Just for Possessing Printed Material About Sikh Martyrs

SAMOOH SANGAT OF LOWER MAINLAND


DREAM BANQUET HALL
Opening Soon
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Reservation starts from
Aug 15, 2022 for Coming Events
Capacity
350-375 seats
For Bookings, Contact:
Ph:604-203-7272
Email:info@dreambanquethall.ca
7236 -120St, Surrey, BC

# ਵਿਲੀਅਮਜ਼ ਲੇਕ ਬੀਸੀ ਨਿਵਾਸੀਆਂ ਦੀ ਸਰੀ 'ਚ ਸਲਾਨਾ ਪਿਕਨਿਕ




ਸਰੀ (ਸਰਜੀਤ ਕੌਰ ਧਾਲੀਵਾਲ):ਵਿਲੀਅਮਜ਼ ਬੀਸੀ ਦੇ ਸਰੀ ਵਿੱਚ ਵਸਦੇ ਪ੍ਰੀਵਾਰਾਂ ਨੇ ਰਲ਼ ਮਿਲ ਕੇ ਸਲਾਨਾ ਪਿਕਨਿਕ ਬੜੀ ਧੂਮ ਧਾਮ ਨਾਲ ਮਨਾਈ।ਬੀਬੀਆਂ ਨੇ ਗੀਤ ਤੇ ਬੋਲੀਆਂ ਪਾਈਆਂ ਅਤੇ ਮਾਸਟਰ ਦਰਸ਼ਨ ਸਿੰਘ ਅਟਵਾਲ ਜੀ ਨੇ ਆਪਣੇ ਗੀਤਾਂ ਨਾਲ ਰੰਗ ਬੰਨਿਆ।ਸਾਰੇ ਵੀਰਾਂ ਤੇ ਭੈਣਾਂ ਨੂੰ ਅਗਲੇ ਸਾਲ ਫੇਰ ਇਕੱਠੇ ਹੋਣ ਦਾ ਸਦਾ ਪੱਤਰ ਦਿੱਤਾ ਜਾਵੇਗਾ।

## ਵਿਦੇਸ਼ਾਂ 'ਚ ਵਸਦੇ ਕੱਦੋਂ (ਜਿਲਾ ਲੁਧਿਆਣਾ)ਨਿਵਾਸੀਆਂ ਨੇ ਪਿੰਡ ਨੂੰ ਸੁੰਦਰ ਬਣਾਉਣ ਵਿੱਚ ਪਾਇਆ ਵੱਡਾ ਯੋਗਦਾਨ



ਲੁਧਿਆਣਾ:ਪਿੰਡ ਕੱਦੋਂ (ਜ਼ਿਲ੍ਹਾ ਲੁਧਿਆਣਾ) ਦੇ ਵਿਦੇਸ਼ਾਂ ਵਿੱਚ ਵਸਦੇ ਨਿਵਾਸੀਆਂ ਨੇ ਪਿੰਡ ਦੀ ਕਾਇਆ ਕਲਪ ਕਰ ਦਿੱਤੀ ਹੈ।ਪਿੰਡ ਦੇ ਸਰਪੰਚ ਪਰਮਿੰਦਰ ਸਿੰਘ ਨੇ ਦੱਸਿਆ ਕਿ ਕਈ ਸਾਲ ਪਹਿਲਾਂ ਸਕੂਲ ਦੀ ਮੁਰੰਮਤ ਵਾਸਤੇ ਗ਼ੌਰਮਿੰਟ ਨੇ ਸਿਰਫ 75 ਹਜ਼ਾਰ ਰੁਪਿਆ ਦਿੱਤਾ ਸੀ।ਪਰ ਵਿਦੇਸ਼ਾਂ ਵਿੱਚ ਰਹਿੰਦੇ ਕਦੋਂ ਨਿਵਾਸੀਆਂ ਨੇ ਬੇਅੰਤ ਮਾਇਆ ਦੇ ਕੇ ਜਿਥੇ ਸਕੂਲ ਨੂੰ ਸਮਾਰਟ ਸਕੂਲ ਬਣਾਇਆ ਤੇ ਨਾਲ ਹੀ ਪਿੰਡ ਵਿਚ ਹੋਰ ਵੀ ਡਿਵੈੱਲਪਮੈਂਟ ਦੇ ਕੰਮ ਕਰਵਾਏ। ਕੈਨੇਡਾ ਦੇ ਸਰੀ ਵਿਚ ਰਹਿੰਦੇ ਕੱਦੋਂ ਨਿਵਾਸੀ ਗੁਰਦੀਪ ਸਿੰਘ ਮੁੰਡੀ ਨੇ ਬਹੁਤ ਮਦਦ ਕੀਤੀ ਉਨ੍ਹਾਂ ਨੇ ਤੇਰਾਂ ਲੱਖ ਰੁਪਈਆ ਪਿੰਡ ਨੂੰ ਸੁੰਦਰ ਬਣਾਉਣ ਵਾਸਤੇ ਦਾਨ ਵਜੋਂ ਦਿੱਤਾ।ਪਿੰਡ ਵਿੱਚ ਤੀਹ ਫੁੱਟ ਉੱਚਾ ਤੇ ਵੀਹ ਫੁੱਟ ਚੌੜਾ ਬਹੁਤ ਸੁੰਦਰ ਗੇਟ ਬਣਾਇਆ ਗਿਆ ਆਲੇ ਦੁਆਲੇ ਇੱਟਾਂ ਲਾ ਕੇ ਅਤੇ ਬੂਟੇ ਲਾ ਕੇ ਉਹਨੂੰ ਹੋਰ ਵੀ ਸੁੰਦਰ ਬਣਵਾਇਆ।150 ਮੀਟਰ ਸੀਮਿੰਟ ਦੇ ਬਲੌਕਾਂ ਨਾਲ ਰਾਹ ਵੀ ਪੱਕਾ ਕੀਤਾ। ਆਲੇ ਦੁਆਲੇ ਸੋਹਣੇਂ ਦਰਖੱਤ ਲਏ ਗਏ।ਉਨ੍ਹਾਂ ਕਿਹਾ ਕਿ ਜੇ ਬਾਹਰ ਵਸਦੇ ਕਦੋਂ ਨਿਵਾਸੀ ਪਿੰਡ ਦੀ ਮਦਦ ਕਰਦੇ ਹਨ ਤਾਂ ਗੌਰਮਿੰਟ ਨੂੰ ਵੀ ਬਰਾਬਰ ਦੀ ਗਰਾਂਟ ਦੇਣੀ ਚਾਹੀਦੀ ਹੈ ਤਾਂ ਕਿ ਪਿੰਡ ਦੀ ਤਰੱਕੀ ਲਈ ਹੋਰ ਵੀ ਕੰਮ ਕੀਤੇ ਜਾ ਸਕਣ ।ਗੁਰਦੀਪ ਸਿੰਘ ਮੁੰਡੀ ਨੇ ਦੱਸਿਆ ਸਾਡੇ ਦਾਦਾ ਜੀ ਹਰਨਾਮ ਸਿੰਘ ਜੋ ਫੌਜ ਵਿਚ ਰਸਾਲਦਾਰ ਸਨ, ਨੇ ਪਹਿਲਾ ਐਲੀਮੈਂਟਰੀ ਸਕੂਲ 1911 ਵਿਚ ਪਿੰਡ ਕੱਦੋਂ ਵਿੱਚ ਆਰੰਭ ਕੀਤਾ ਸੀ ਉਨ੍ਹਾਂ ਸਮਿਆਂ ਵਿੱਚ ਅਧਿਆਪਕ ਬਦਰਦੀਨ ਸਾਡੇ ਘਰ ਹੀ ਰਹਿੰਦਾ ਸੀ।ਉਨ੍ਹਾਂ ਦੱਸਿਆ ਕਿ ਇਹ ਗੇਟ 'ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ' ਦੇ ਨਾਮ ਤੇ ਰੱਖਿਆ ਤਾਂ ਕਿ ਸਾਡੇ ਬੱਚੇ ਸਾਡੇ ਵਿਰਸੇ ਅਤੇ ਸਾਹਿਬਜ਼ਾਦਿਆਂ ਦੀ ਬਹਾਦਰੀ ਭਰੀ ਸ਼ਹੀਦੀ ਤੋਂ ਜਾਣੂ ਹੋ ਸਕਣ।ਇਸ ਤੋਂ ਇਲਾਵਾ ਗੁਰਦੁਆਰੇ ਅਤੇ ਫਿਊਨਰਲ ਹੋਮ ਨੂੰ ਜਾਣ ਵਾਲੇ ਰਸਤੇ ਵੀ ਪੱਕੇ ਕੀਤੇ ਗਏ ਉਥੇ ਛੋਟੇ ਸਪੀਕਰ ਲਾਏ ਗਏ ਹਨ ਜਿਥੇ ਰੱਬੀ ਬਾਣੀ ਦੀਆਂ ਧੁਨਾਂ ਚੱਲਦੀਆਂ ਹਨ।ਸਕੂਲ ਪ੍ਰਿੰਸੀਪਲ ਵਰਿੰਦਰ ਸਿੰਘ ਨੇ ਕਿਹਾ ਕਿ ਕੁਝ ਚਿਰ ਪਹਿਲਾਂ ਅਸੀਂ ਸਾਰਾ ਸਕੂਲ ਪੇਂਟ ਕੀਤਾ ਹੈ ਤੇ ਵਿਦੇਸ਼ਾਂ ਵਿੱਚ ਵਸਦੇ ਕਦੋਂ ਨਿਵਾਸੀ ਅੱਗੇ ਹੋ ਕੇ ਮਦਦ ਕਰਦੇ ਹਨ।ਪ੍ਰਿੰਸੀਪਲ ਨੇ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਪਿੰਡ ਨਿਵਾਸੀ ਆਪਣੇ ਬੱਚਿਆਂ ਪ੍ਰਤੀ ਖਿਆਲ ਰੱਖਦੇ ਹਨ।

## ਆਮਿਰ ਖਾਨ ਨੇ ਦਰਬਾਰ ਸਾਹਿਬ ਮੱਥਾ ਟੇਕਿਆ



ਅੰਮ੍ਰਿਤਸਰ:-ਬੌਲੀਵੁੱਡ ਅਦਾਕਾਰ ਆਮਿਰ ਖਾਨ ਨੇ ਆਪਣੀ ਚਿਰਾਂ ਤੋਂ ਉਡੀਕੀ ਜਾ ਰਹੀ ਫ਼ਿਲਮ 'ਲਾਲ ਸਿੰਘ ਚੱਢਾ' ਦੇ ਰਿਲੀਜ਼ ਹੋਣ ਤੋਂ ਇੱਕ ਦਿਨ ਪਹਿਲਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਚ ਮੱਥਾ ਟੇਕਿਆ ਅਤੇ ਫ਼ਿਲਮ ਦੀ ਸਫ਼ਲਤਾ ਲਈ ਅਰਦਾਸ ਕੀਤੀ। ਉਨ੍ਹਾਂ ਨਾਲ ਅਦਾਕਾਰਾ ਮੋਨਾ ਸਿੰਘ ਤੇ ਹੋਰ ਸਹਿ ਕਲਾਕਾਰ ਵੀ ਮੌਜੂਦ ਸਨ। ਆਮਿਰ ਖਾਨ ਅੱਜ ਸਵੇਰੇ ਲਗਪਗ ਸਾਢੇ ਪੰਜ ਵਜੇ ਸ੍ਰੀ ਦਰਬਾਰ ਸਾਹਿਬ ਪੁੱਜਿਆ ਅਤੇ ਲਗਪਗ ਇਕ ਘੰਟਾ ਗੁਰੂ ਘਰ ਵਿਚ ਰਿਹਾ। ਉਸ ਦਾ ਇਹ ਦੌਰਾ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ।

## ਸਾਹਨੀ ਨੇ ਸੰਸਦ 'ਚ ਚੁੱਕਿਆ ਪਾਣੀ ਦਾ ਮੁੱਦਾ



ਨਵੀਂ ਦਿੱਲੀ:-ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਵਿੱਚ ਪਾਣੀ ਘਾਟ ਬਾਰੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਸ ਨੂੰ ਤੁਰੰਤ ਹੱਲ ਕਰਨ ਦੀ ਲੋੜ ਹੈ। ਕ ਸੰਸਦ ਵਿੱਚ ਬੋਲਦਿਆਂ ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ। ਸੂਬੇ ਦੀ ਖੇਤੀਬਾੜੀ ਵਾਲੀ ਜ਼ਮੀਨ ਦੀ ਸਿੰਜਾਈ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੈ। ਉਨ੍ਹਾਂ ਕਿਹਾ ਕਿ ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਅੰਕੜਿਆਂ ਅਨੁਸਾਰ ਸੂਬੇ ਵਿੱਚ 69.31 ਫ਼ੀਸਦੀ ਬੋਰਵੈੱਲਾਂ ਵਿੱਚ ਪਾਣੀ ਦੀ ਘਾਟ ਦਰਜ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਕਈ ਰਿਪੋਰਟਾਂ ਹਨ ਕਿ ਪੰਜਾਬ ਦੇ ਪਾਣੀ ਦੀ ਸਪਲਾਈ ਵਿੱਚ ਆਰਸੈਨਿਕ, ਕ੍ਰੋਮੀਅਮ, ਕੈਡਮੀਅਮ ਤੇ ਲੈਡ ਆਦਿ ਦੀ ਪੁਸ਼ਟੀ ਹੋਈ ਹੈ। ਸ੍ਰੀ ਸਾਹਨੀ ਨੇ ਸਤਲੁਜ ਦੀ ਸਹਾਇਕ ਨਦੀ 'ਬੁੱਢੇ ਨਾਲੇ' ਦਾ ਮੁੱਦਾ ਵੀ ਉਠਾਇਆ।


ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:

604.401.9335

604.379.9572

778.593.9335





ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ:604-518-3637


ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS

In Cloverdale & South Surrey



CLOVERDALE VILLAGE DENTAL

Dr. Inderpreet Sandhu
BDS, DDS

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102


LIQUOR discounter
Friday Aug 05, 2022 until Sunday Sept 04, 2022
$86 99 PATRON REPOSADO 750ML
$60 99 JOHNNIE WALKER RED LABEL 1.75L
$59 99 JOHNNIE WALKER BLACK LABEL 750ML
$54 99 GIBSONS STERLING 1.75L
$54 99 BAILEYS ORIGINAL 1.75L
$52 99 1.75L ABSOLUT VODKA $23 99 750ML
$16 99 19 CRIMES CALI ROSE 750ML
$48 79 WISERS 1.75L
$49 99 SMIRNOFF VODKA 1.75L
$45 99 CIROC APPLE BLUE PEACH 750ML
$42 49 MAKERS MARK BOURBON 750ML
$35 99 STOLICHNAYA VODKA 1.14L
$35 99 CAPTAIN MORGAN 1.14L
$10 49 BASK PINOT NOIR 750ML
$35 49 CAZADOREZ BLANCO 750ML
$34 99 TANQUERAY 1.14L
$33 99 JAMESON 750ML
$33 99 JACK DANIELS 750ML
$27 99 SIERRA BLANCO 750ML
$25 99 KAHLUA 750ML
$9 79 BODACIOUS CAB SAUV 750ML
$25 49 PINK WHITNEY 750ML
$23 99 CROWN ROYAL 750ML
BELOW Government Store Prices!
$22 99 WISERS 750ML
$20 79 JOSE CUERVO STRAWBERRY LEMONADE 1.75L
$5 99 BABY CANADIAN 750ML
$37 99 COPPER MOON MALBEC 4L
$30 79 PELLER ESTATES DRY WHITE 4L
$17 99 TOM GORE CAB SAUV 750ML
$17 49 OYSTER BAY SAUV BLANC 750ML
$13 99 PELLER ESTATES ROSE 1.5L
$13 99 GATO NEGRO CAB SAUV 1.5L
SHOP & SAVE Rewards Program See In-Store for details
$48 99 KOKANEE 36 CANS
$46 99 CORONA 24 BOTTLES
$39 99 MICHELOB ULTRA 24 CANS
$36 99 BUDWEISER 24 CANS
$35 99 COORS LIGHT 24 CANS
$32 99 PABST 24 CANS
$37 99 JACKSON TRIGGS MERLOT CHARDONNAY 4L
$25 99 HEINEKEN 12 BOTTLES OR 12 CANS
$23 99 STELLA ARTOIS 12 BOTTLES OR 12 CANS
$23 99 CORONA 12 BOTTLES
$25 49 MODELO 12 BOTTLES
$19 99 OLD MILWAUKEE 15 CANS
$20 99 MILLER GENUINE DRAFT 12 BOTTLES
$17 49 RUFFINO PROSECCO 750ML
$20 99 SLEEMANS HONEY BROWN 12 CANS
$18 99 SNEAKY WEASEL 15 CANS
$18 79 STEAMWORKS MASH-UP 8 CANS
12 CANS $23 99 NUDE VODKA 24 CANS $44 99
$24 49 NUTRL 7 12 CANS
$24 99 TEMPO GIN 12 CAN MIX
$10 79 BODACIOUS BUBBLES 750ML
$23 99 WHITE CLAW ICED TEA 12 CANS
$22 99 TRULY LEMONADE 12 CANS
$19 79 SOMERSBY 8 CAN MIXER
$12 99 CORONA SELTZERS GRAPEFRUIT LIME 6 CANS
$12 79 WHITE CLAW BLACK CHERRY LIME 6 CANS
$12 49 NUDE PINK LEMONADE 6 CANS
$7 79 BLACK CELLAR MALBEC MERLOT 750ML
$11 49 JAW DROP GUSHING GRAPES TICKLING PINK 6 CANS
$9 99 OKANAGAN CRISP APPLE 2L
PRICE BEAT GUARANTEE
$10 79 YELLOW TAIL SHIRAZ 750ML
$9 99 JACOBS CREEK MOSCATO ROSE 750ML
$9 79 JACKSON TRIGGS CAB SAUV 750ML
8473 - 120 Street, Delta
604.592.2599
LiquorDiscounter.ca
14357 - 104 Ave, Surrey
778.293.1964
follow us on facebook
Prices exclude tax and deposits and are subject to change without notice.

# Home Improvement


## TOOR LANDSCAPING & FENCE

RESIDENTIAL & COMMERCIAL

• ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

• TAPPING & FINISHING • BOARDING
• TEXTURED CEILINGS • STEEL STUD
• KITCHEN-BATHROOM • PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲੰਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ
ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL
**604.760.1732, 604.442-1571**

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲੰਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ
**ਭਿੰਦਰ : 604-725-6270**

## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ
17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

FREE ESTIMATES

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**
king73renoltd@gmail.com www.king73reno.com

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲੰਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲੰਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਂਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖ਼ਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**
lakhwindersembhi@yahoo.ca

## BT LINE PAINTING CO.

ਟੌਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:
Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal
**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:
Residential & Commercial Renovations

•Doors
•Mouldings
•Fire Place
•Base Board
•Hardy Plank
•Wood Floor




Sanjeev Dhir **778.320.9413**
sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.





We Built Custom Homes

• New Residential
• Commercial Const.
• Licensed
• Bonded
• Framing
• Roof Trusses
• Floor Trusses
• Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ



Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਂਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਪੰਜਾਬ ‘ਚ ਸਿੱਖ ਨੌਜਵਾਨਾਂ ਦੇ ਕਤਲਾਂ ਦੀ ਭਿਆਨਕ ਕਹਾਣੀ






30 ਜੁਲਾਈ ਨੂੰ, ਪੰਜਾਬ ਦੇ ਸਾਬਕਾ ਡਿਪਟੀ ਆਈਜੀਪੀ ਹਰਿੰਦਰ ਸਿੰਘ ਚਾਹਲ ਮਾਰੇ ਗਏ ਗਾਇਕ ਦੇ ਪਿਤਾ ਬਲਕੌਰ ਸਿੰਘ ਦੇ ਨਾਲ-ਨਾਲ ਸਿੱਧੂ ਮੂਸੇਵਾਲਾ- ਜਿਸ ਦੀ 29 ਮਈ ਨੂੰ ਹੱਤਿਆ ਕਰ ਦਿੱਤੀ ਗਈ ਸੀ, ਦੇ ਨਵੇਂ-ਸਥਾਪਿਤ ਬੁੱਤ ਨੇੜੇ ਖੜ੍ਹੇ ਹੋਏ ਅਤੇ ਸੋਗ ਕਰਨ ਵਾਲਿਆਂ ਨੂੰ ਸੰਬੋਧਨ ਕੀਤਾ। ਉਸਨੇ ਪੰਜਾਬ ਦੇ ਸੰਗੀਤ ਉਦਯੋਗ ਦੇ ਸਭ ਤੋਂ ਵੱਡੇ ਅਣਸੁਲਝੇ ਕਤਲ ਦੇ ਰਹੱਸ ਨੂੰ ਛੂਹਿਆ - ਅਮਰ ਸਿੰਘ ਚਮਕੀਲਾ ਅਤੇ ਉਸਦੀ ਗਾਇਕਾ-ਪਤਨੀ ਅਮਰਜੋਤ ਦੀ 8 ਮਾਰਚ, 1988 ਨੂੰ ਹੱਤਿਆ ਕਰ ਦਿੱਤੀ ਗਈ ਸੀ। ਉਸਨੇ ਇਸ ਸਮੇਂ ਐਲਾਨ ਕੀਤਾ ਕਿ “ਜਿਨ੍ਹਾਂ ਨੇ ਚਮਕੀਲਾ ਨੂੰ ਮਾਰਿਆ ਸੀ, ਮੈਂ ਉਨ੍ਹਾਂ ਨੂੰ ਮਾਰ ਦਿੱਤਾ,” ਚਾਹਲ ਨੇ ਮਾਨਸਾ ਦੇ ਮੂਸਾ ਪਿੰਡ ਵਿੱਚ ਇਕੱਠੀ ਹੋਈ ਭੀੜ ਚ ਐਲਾਨ ਕੀਤਾ ਕਿ ਦੀਪੇ ਨੂੰ ਮੈਂ ਮਾਰਿਆ ।

ਪੰਜਾਬ ਪੁਲਿਸ ਵੱਲੋਂ ਅਜਿਹੇ ਐਨਕਾਊਂਟਰ ਕਤਲਾਂ ਤੇ ਚੁਟਕੀਆਂ ਲਈਆਂ ਜਾਂਦੀਆਂ ਹਨ। ਪੰਜਾਬ ਦੀ ਮਾਨਸਿਕਤਾ ਇੱਕ ਦਹਾਕੇ ਤੋਂ ਵੱਧ ਸਮੇਂ ਦੇ ਸਰਕਾਰੀ ਅਤਿਵਾਦ ਨਾਲ ਜ਼ਖਮੀ ਅਤੇ ਖੂਨੀ ਹੋਈ ਪਈ ਹੈ। ਜਿਸ ਵਿੱਚ ਹਜਾਰਾਂ ਨੌਜਵਾਨ ਲਾਪਤਾ ਕੀਤੇ ਗੇ ਅਤੇ ਨਕਲੀ ਮੁਕਾਬਲੇ ਕਰਵਾਏ ਗਏ।, ਇੱਕ ਅਜਿਹੀ ਚਾਲ ਸੀ ਜੋ ਪੁਲਿਸ ਦੁਆਰਾ ਸਿੱਖ ਨੌਜਵਾਨਾ ਦੇ ਨਿਪਟਾਰੇ ਲਈ ਵਿਆਪਕ ਤੌਰ ‘ਤੇ ਵਰਤੀ ਜਾਂਦੀ ਸੀ। ਸਾਲਾਂ ਦੌਰਾਨ, ਪੰਜਾਬ ਦੀ ਬਗਾਵਤ ਨੇ ਇਸ ਵਿਸ਼ੇ ‘ਤੇ ਕਈ ਫਿਲਮਾਂ ਦੇਖੀਆਂ ਹਨ, ਕੁਝ ਨੇ ਸੰਵੇਦਨਸ਼ੀਲਤਾ ਨਾਲ ਬਣਾਈਆਂ ਹਨ, ਬਾਕੀਆਂ ਨੇ ਅਜਿਹਾ ਨਹੀਂ ਕੀਤਾ। ਸਿੱਖ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ (1938-1995) ‘ਤੇ ਇੱਕ ਨਵੀਂ ਬਾਇਓਪਿਕ - ਜਿਸ ਵਿੱਚ ਦਿਲਜੀਤ ਦੋਸਾਂਝ ਅਭਿਨੀਤ ਹੈ ਅਤੇ ਜਲਦੀ ਹੀ ਰਿਲੀਜ਼ ਹੋ ਰਹੀ ਹੈ - ਰਾਜ ਦੇ ਸਭ ਤੋਂ ਕਾਲੇ ਦੌਰ ‘ਤੇ ਧਿਆਨ ਦੇਣ ਦਾ ਇੱਕ ਹੋਰ ਯਤਨ ਹੈ।

1980-1995 ਦੇ ਦਰਮਿਆਨ ਗੈਰ-ਨਿਆਇਕ ਕਤਲਾਂ ਦੀ ਜਾਂਚ ਲਈ ‘ਲਾਵਾਰਿਸ ਲਾਸ਼ਾਂ ਦੇ ਸਰਪ੍ਰਸਤ’ ਵਜੋਂ ਜਾਣੇ ਜਾਂਦੇ ਇੱਕ ਅੰਮ੍ਰਿਤਸਰ-ਅਧਾਰਤ ਅਧਿਕਾਰ ਕਾਰਕੁਨ, ਖਾਲੜਾ ਨੂੰ ਪੰਜਾਬ ਪੁਲਿਸ ਦੇ ਕੁਝ ਕਰਮਚਾਰੀਆਂ ਦੁਆਰਾ ਅਗਵਾ ਕੀਤਾ ਗਿਆ, ਤਸੀਹੇ ਦਿੱਤੇ ਗਏ ਅਤੇ ਗੁਪਤ ਤੌਰ ‘ਤੇ ਕਤਲ ਕਰ ਦਿੱਤਾ ਗਿਆ। ਖਾਲੜਾ ਨੇ ਪੁਲਿਸ ‘ਤੇ ਅੰਮ੍ਰਿਤਸਰ, ਤਰਨਤਾਰਨ ਅਤੇ ਮਜੀਠਾ ‘ਚ 2,097 ਲਾਸ਼ਾਂ ਦਾ ਸਸਕਾਰ ਕਰਨ ਦਾ ਦੋਸ਼ ਲਗਾਇਆ ਸੀ। ਇੱਥੋਂ ਤੱਕ ਕਿ ਸੰਯੁਕਤ ਰਾਸ਼ਟਰ ਨੇ ਵੀ ਸਤੰਬਰ 1995 ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਤੋਂ ਤੁਰੰਤ ਬਾਅਦ ਉਸ ਦੀ ਖੋਜ ਦਾ ਨੋਟਿਸ ਲਿਆ ਸੀ। 2006 ਵਿੱਚ, ਅਮਰੀਕਾ-ਅਧਾਰਤ ਮਨੁੱਖੀ ਅਧਿਕਾਰ ਸੰਗਠਨ-ਇਨਸਾਫ਼ ਨੇ ਖਾਲੜਾ ਦੀ ਹੱਤਿਆ ਵਿੱਚ ਕਥਿਤ ਸ਼ਮੂਲੀਅਤ ਲਈ ਤਤਕਾਲੀ ਡੀਜੀਪੀ ਕੇਪੀਐਸ ਗਿੱਲ ਵਿਰੁੱਧ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। ਖਾਲੜਾ ਦੀ ਪਤਨੀ ਪਰਮਜੀਤ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਗਿੱਲ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ, ਜਿਸ ਦੀ 2017 ਵਿੱਚ ਬਿਨਾਂ ਕਿਸੇ ਮੁਕੱਦਮੇ ਦੇ ਮੌਤ ਹੋ ਗਈ ਸੀ। ਗਿੱਲ ਨੇ ਹਾਲਾਂਕਿ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਦਾਅਵਾ ਕੀਤਾ ਸੀ ਕਿ “ਖਾਲੜਾ ਨੂੰ ਅੱਤਵਾਦੀਆਂ ਨੇ ਮਾਰਿਆ ਹੋਵੇਗਾ”।

ਪਰ 2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਸੁਪਰੀਮ ਕੋਰਟ ਨੇ ਇਸ ਕੇਸ ਵਿੱਚ ਦੋਸ਼ੀ ਠਹਿਰਾਏ ਗਏ ਪੰਜ ਪੁਲਿਸ ਮੁਲਾਜ਼ਮਾਂ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ। 15 ਨਵੰਬਰ 1995 ਨੂੰ ਸੁਪਰੀਮ ਕੋਰਟ ਨੇ ਗੈਰ-ਨਿਆਇਕ ਕਤਲਾਂ ਦਾ ਨੋਟਿਸ ਲੈਂਦਿਆਂ ਇੱਕ ਪਟੀਸ਼ਨ ਦੇ ਜਵਾਬ ਵਿੱਚ ਕਿਹਾ। ਪਰਮਜੀਤ ਕੌਰ ਨੇ ਖਾਲੜਾ ਦੇ ਅਗਵਾ ਅਤੇ ਸਮੂਹਿਕ ਗੁਪਤ ਸਸਕਾਰ ਦੀ ਸੀਬੀਆਈ ਜਾਂਚ ਦੀ ਅਗਵਾਈ ਕੀਤੀ। ਜਾਂਚ ਤੋਂ ਬਾਅਦ, ਸਿਖਰਲੀ ਅਦਾਲਤ ਨੇ, 11 ਦਸੰਬਰ, 1996 ਦੇ ਆਪਣੇ ਆਦੇਸ਼ ਵਿੱਚ, “ਵੱਡੇ ਪੱਧਰ ‘ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ” ਨੂੰ ਸਵੀਕਾਰ ਕੀਤਾ। ਇਸ ਤੋਂ ਬਾਅਦ, ਸੀਬੀਆਈ ਨੇ 1995 ਅਤੇ 1998 ਦੇ ਵਿਚਕਾਰ ਫਰਜ਼ੀ ਮੁਕਾਬਲਿਆਂ ਸਮੇਤ ਗੈਰ-ਨਿਆਇਕ ਕਤਲਾਂ ਦੇ ਕਈ ਮਾਮਲੇ ਸਥਾਪਿਤ ਕੀਤੇ। ਜਦੋਂ ਕਿ 44 ਮਾਮਲਿਆਂ ਵਿੱਚ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਹਨ, ਇਹਨਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਸੁਣਵਾਈ ਲੰਬਿਤ ਹੈ। ਸੀਬੀਆਈ ਜਾਂਚ ਦਾ ਘੇਰਾ ਵਧਾਉਣ ਦੀ ਵੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ। ਪੀੜਤ ਪਰਿਵਾਰਾਂ ਨਾਲ ਮੁਲਾਕਾਤਾਂ ਦੇ ਆਧਾਰ ‘ਤੇ ਇਨਸਾਫ਼ ਨੇ ਪੰਜਾਬ ਵਿੱਚ ਜ਼ਬਰਦਸਤੀ ਗੁੰਮਸ਼ੁਦਗੀ ਅਤੇ ਗੈਰ-ਨਿਆਇਕ ਕਤਲਾਂ ਦੇ 5,302 ਮਾਮਲਿਆਂ ਨੂੰ ਉਜਾਗਰ ਕੀਤਾ ਹੈ। ਇਸੇ ਤਰ੍ਹਾਂ, ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰੋਜੈਕਟ, ਇੱਕ ਚੰਡੀਗੜ੍ਹ ਸਥਿਤ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਸਮੂਹ, ਨੇ ਦਸੰਬਰ 2017 ਵਿੱਚ ਇੱਕ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ 1980 ਤੋਂ 1995 ਦਰਮਿਆਨ ਲਾਪਤਾ ਹੋਏ 8,257 ਵਿਅਕਤੀਆਂ ਨੂੰ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਵਜੋਂ ਸਸਕਾਰ ਕੀਤਾ ਗਿਆ ਸੀ। ਉਨ੍ਹਾਂ ਦੇ ਨਤੀਜੇ ਐਨਕਾਊਂਟਰ ਐਫਆਈਆਰਜ਼ ਅਤੇ ਸ਼ਮਸ਼ਾਨਘਾਟ ਤੋਂ ਪ੍ਰਾਪਤ ਅੰਕੜਿਆਂ ਦੀ ਜਾਂਚ ‘ਤੇ ਆਧਾਰਿਤ ਸਨ। ਇੱਕ ਸੁਤੰਤਰ ਨਿਆਂਇਕ ਪੈਨਲ ਦੁਆਰਾ ਜਾਂਚ ਦੀ ਮੰਗ ਕਰਦੇ ਹੋਏ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸਦੀ ਜਨਹਿਤ ਪਟੀਸ਼ਨ ਵਿੱਚ ਦੋ ਦਹਾਕਿਆਂ ਵਿੱਚ ਮਨੀਪੁਰ ਵਿੱਚ 1,528 ਲੋਕਾਂ ਦੇ ਗੈਰ-ਨਿਆਇਕ ਕਤਲਾਂ ਅਤੇ ਲਾਪਤਾ ਹੋਣ ਵਿੱਚ ਸੁਪਰੀਮ ਕੋਰਟ ਦੇ 2017 ਦੇ ਦਖਲ ਅਤੇ ਖਾਲੜਾ ਕੇਸ ਵਿੱਚ ਸੁਪਰੀਮ ਕੋਰਟ ਦੀ ਕਾਨੂੰਨੀ ਕਾਰਵਾਈ ਦਾ ਹਵਾਲਾ ਦਿੱਤਾ ਗਿਆ ਹੈ।

ਹਾਲ ਹੀ ਦੇ ਕੁਝ ਅਦਾਲਤੀ ਫੈਸਲਿਆਂ ਤੋਂ ਪਤਾ ਲੱਗਦਾ ਹੈ ਕਿ ਕਿਵੇਂ ‘ਗੋਲੀ ਦੇ ਬਦਲੇ ਗੋਲੀ’ ਨੀਤੀ ਨੇ ਪੁਲਿਸ ਤੋਂ ਮੁਕਤੀ ਦੇ ਸੱਭਿਆਚਾਰ ਦੀ ਸ਼ੁਰੂਆਤ ਕੀਤੀ। ਮੋਹਾਲੀ ਦੀ ਇੱਕ ਵਿਸ਼ੇਸ਼ ਸੀਬੀਆਈ ਅਦਾਲਤ ਨੇ 2018 ਵਿੱਚ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਲਤਾਨਵਿੰਡ ਤੋਂ 16 ਸਾਲਾ ਹਰਜੀਤ ਸਿੰਘ ਨੂੰ 1992 ਵਿੱਚ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ ਸੀ। ਅਦਾਲਤ ਨੇ ਦੋ ਸੇਵਾਮੁਕਤ ਸਬ-ਇੰਸਪੈਕਟਰਾਂ ਨਰਿੰਦਰ ਸਿੰਘ ਮੱਲ੍ਹੀ ਅਤੇ ਗਿਆਨ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸੇ ਤਰ੍ਹਾਂ, 2018 ਵਿੱਚ ਇੱਕ ਹੋਰ ਸੀਬੀਆਈ ਅਦਾਲਤ ਦੇ ਹੁਕਮ ਨੇ ਅੰਮ੍ਰਿਤਸਰ ਦੇ ਪਿੰਡ ਪੱਲਾ ਦੇ 15 ਸਾਲਾ ਹਰਪਾਲ ਸਿੰਘ ਦੇ 1992 ਦੇ ਫਰਜ਼ੀ ਮੁਕਾਬਲੇ ਦਾ ਪਰਦਾਫਾਸ਼ ਕੀਤਾ। ਅਦਾਲਤ ਨੇ ਬਿਆਸ ਥਾਣੇ ਦੇ ਤਤਕਾਲੀ ਸਟੇਸ਼ਨ ਹਾਊਸ ਅਫ਼ਸਰ ਰਘਬੀਰ ਸਿੰਘ ਅਤੇ ਉਸ ਸਮੇਂ ਦੇ ਸਬ-ਇੰਸਪੈਕਟਰ ਦਾਰਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਮੁਕਾਬਲੇ ਬਾਰੇ ਪੁਲਿਸ ਦਾ

(ਬਾਕੀ ਸਫਾ ਬੀ28 ਤੇ


Rai Express Lines Ltd.



Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900


Email-kal@raiexpresslines.com www. raiexpressline.com

Unit 125-7475 135th Street, BC V3W 0M8



The Grand Taj

THE GRAND TAJ
BANQUET HALL



Khalsa Business Centre, 84th Ave. & 128th St., Surrey

CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:

WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



## ਔਰਤਾਂ ਦੇ ਜਣਨ ਅੰਗਾਂ ਸੰਬੰਧੀ ਰੋਗ ਅਤੇ ਹੋਮਿਓਪੈਥੀ

ਔਰਤਾਂ ਦੇ ਜਣਨ ਅੰਗਾਂ ਸੰਬੰਧੀ ਅਨੇਕਾਂ ਰੋਗ ਹਨ ਪਰ ਇੱਥੇ ਸਿਰਫ਼ ਉਨ੍ਹਾਂ ਰੋਗਾਂ ਦਾ ਖੁਲਾਸਾ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਹਮਣਾ ਔਰਤਾਂ ਨੂੰ ਆਮ ਤੌਰ 'ਤੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ 'ਤੇ ਕਰਨਾ ਪੈਂਦਾ ਹੈ।

**1. ਬਾਂਝਪਣ (ਸਟਰਿਲਟੀ)**

ਕਿਸੇ ਪ੍ਰਚਲਤ ਗਰਭ-ਨਿਰੋਧਕ ਸਾਧਨ ਅਪਣਾਏ ਬਗ਼ੈਰ ਵੀ ਜੇ ਗਰਭ ਨਾ ਠਹਿਰਦਾ ਹੋਵੇ ਤਾਂ ਬਾਂਝਪਣ ਦੀ ਹਾਲਤ ਹੋ ਸਕਦੀ ਹੈ। ਬਾਂਝਪਣ ਜਣਨ ਅੰਗਾਂ ਵਿੱਚੋਂ ਕਿਸੇ ਖ਼ਰਾਬੀ ਕਾਰਣ ਹੋ ਸਕਦਾ ਹੈ। ਕਈ ਔਰਤਾਂ ਇੱਕ ਵਾਰੀ ਤਾਂ ਗਰਭ ਧਾਰਨ ਕਰ ਲੈਂਦੀਆਂ ਹਨ ਪਰ ਦੂਜੀ ਵਾਰੀ ਉਹ ਅਜਿਹਾ ਨਹੀਂ ਕਰ ਸਕਦੀਆਂ। ਕਈ ਵਾਰੀ ਬਚਪਨ ਵਿੱਚ ਪ੍ਰੋਟੀਨ ਦੀ ਘਾਟ ਕਾਰਣ ਜਣਨ ਅੰਗਾਂ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ। ਕਈ ਔਰਤਾਂ ਜਿਨ੍ਹਾਂ ਨੂੰ ਅਨਿਯਮਿਤ ਮਾਹਵਾਰੀ ਆਉਂਦੀ ਹੈ, ਉਨ੍ਹਾਂ ਦੀਆਂ ਗ੍ਰੰਥੀਆਂ ਪੂਰੀ ਮਾਤਰਾ ਵਿੱਚ ਹਾਰਮੋਨ ਨਹੀਂ ਬਣਾਉਂਦੀਆਂ ਜਿਸ ਕਾਰਣ ਗਰਭ ਧਾਰਨ ਕਰਨ ਵਿੱਚ ਸਮੱਸਿਆ ਆਉਂਦੀ ਹੈ। ਕਈ ਔਰਤਾਂ ਦੇ ਜਣਨ ਅੰਗਾਂ ਵਿੱਚ ਕੋਈ ਹੋਰ ਖ਼ਰਾਬੀ ਨਹੀਂ ਹੁੰਦੀ ਪਰ ਉਨ੍ਹਾਂ ਦੀ ਓਵਰੀਜ਼ ਵਿੱਚ ਅੰਡਾ ਪਕ ਕੇ ਰੀਲੀਜ਼ ਨਹੀਂ ਹੁੰਦਾ। ਜੇਕਰ ਅੰਡਾ ਵੀ ਸਮੇਂ ਸਿਰ ਅਤੇ ਪਕ ਕੇ ਰੀਲੀਜ਼ ਹੋ ਜਾਵੇ ਅਤੇ ਫ਼ੈਲੋਪੀਅਨ ਟਿਊਬਾਂ ਵਿੱਚ ਕੋਈ ਖ਼ਰਾਬੀ, ਸੋਜਿਸ਼ ਜਾਂ ਰੁਕਾਵਟ ਹੋਵੇ ਤਾਂ ਵੀ "ਓਵਾ" ਅਤੇ "ਸਪਰਮ" ਦਾ ਆਪਸੀ ਮੇਲ ਨਹੀਂ ਹੋ ਸਕਦਾ ਜਿਸ ਕਾਰਣ ਗਰਭ ਠਹਿਰਨਾ ਮੁਸ਼ਕਲ ਹੁੰਦਾ ਹੈ। ਕਈ ਕੇਸਾਂ ਵਿੱਚ ਸੁਜਾਕ (ਗਨ੍ਹੌਰੀਆ) ਰੋਗ ਕਰਕੇ ਵੀ ਗਰਭ ਨਹੀਂ ਠਹਿਰਦਾ।ਜੇਕਰ ਜਣਨ ਅੰਗਾਂ ਵਿੱਚ ਕੋਈ ਵਿਗਾੜ ਜਾਂ ਰੋਗ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਪਤੀ-ਪਤਨੀ ਦਾ ਮਿਲਾਪ ਉਨ੍ਹਾਂ ਦਿਨਾਂ ਵਿੱਚ ਨਾ ਹੁੰਦਾ ਹੋਵੇ ਜਿਹੜੇ ਸਮੇਂ ਦੌਰਾਨ ਓਵਰੀਜ਼ ਵਿੱਚੋਂ ਅੰਡਾ ਪੱਕ ਕੇ ਨਿਕਲਦਾ ਹੈ। ਸਿੱਧਾ ਜਿਹਾ ਨਿਯਮ ਹੈ ਕਿ ਪੱਕਿਆ ਹੋਇਆ ਅੰਡਾ ਅਗਲੀ ਮਾਹਵਾਰੀ ਤੋਂ 14 ਦਿਨ ਪਹਿਲਾਂ ਦੋਹਾਂ ਵਿੱਚੋਂ ਕਿਸੇ ਇੱਕ ਫ਼ਿਲੋਪੀਅਨ ਟਿਊਬ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਲਈ ਸੰਤਾਨ ਪ੍ਰਾਪਤੀ ਲਈ ਇਸ ਸਮੇਂ ਦੌਰਾਨ ਦੰਪਤੀ ਦਾ ਮਿਲਾਪ ਜ਼ਰੂਰੀ ਹੁੰਦਾ ਹੈ ਵਰਨਾ ਪੱਕਿਆ ਅੰਡਾ ਵਿਅਰਥ ਚਲਾ ਜਾਂਦਾ ਹੈ। ਸੰਤਨ ਦੀ ਚਿੰਤਾ, ਸੰਤਾਨ ਪਾਉਣ ਦੀ ਵਧੇਰੇ ਚਾਹਨਾ, ਕਈ ਪ੍ਰਕਾਰ ਦੀ ਚਿੰਤਾ ਜਾਂ ਡਰ, ਮਾਨਸਿਕ ਤਣਾਓ, ਮੋਟਾਪਾ, ਖ਼ੂਨ ਦੀ ਕਮੀ ਜਾਂ ਪੁਰਸ਼ ਦੇ ਸ਼ੁਕਰਾਣੂ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਦੋਸ਼ ਆਦਿ ਵੀ ਬਾਂਝਪਣ ਦੇ ਕਾਰਣ ਬਣ ਸਕਦੇ ਹਨ।ਗਰਭਪਾਤ ਕਰਵਾਉਣ ਨਾਲ ਵੀ ਕਈ ਕੇਸਾਂ ਵਿੱਚ ਬਾਂਝਪਣ ਹੋ ਸਕਦਾ ਹੈ।ਮਾਹਰ ਡਾਕਟਰ ਦੀ ਸਲਾਹ ਤੋਂ ਬਗ਼ੈਰ ਵਧੇਰੇ ਗਰਭ ਨਿਰੋਧਕ ਗੋਲ਼ੀਆਂ (ਬਰਥ ਕੰਟ੍ਰੋਲ ਪਿੱਲਜ਼) ਦੀ ਵਰਤੋਂ ਵੀ ਸੰਤਾਬ ਉਤਪੱਤੀ ਵਿੱਚ ਅੜਚਣ ਪੈਦਾ ਕਰ ਸਕਦਾ ਹੈ।ਇੱਥੇ ਇਹ ਵਰਣਨਯੋਗ ਹੈ ਕਿ ਲੋੜ ਨਾਲੋਂ ਵੱਧ ਗਰਭ ਨਿਰੋਧਕ ਗੋਲੀਆਂ ਖਾਣ ਨਾਲ ਹੋਈ ਸਮੱਸਿਆ ਵਿੱਚ ਹੋਮਿਓਪੈਥਿਕ ਦਵਾਈਆਂ ਨਾਲ ਸਹਾਇਤਾ ਹੋ ਸਕਦੀ ਹੈ। ਸੰਤਾਨ ਦੇ ਚਾਹਵਾਨ ਜੋੜਿਆਂ ਨੂੰ ਆਸਵੰਦ ਹੋ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਚੜ੍ਹਦੀ ਕਲਾ ਵਿੱਚ ਰਹਿਣ ਦਾ ਇਲਾਜ ਦੀ ਅਸਰਦਾਇਕਤਾ ਨਾਲ ਸਿੱਧਾ ਸੰਬੰਧ ਹੈ।

**2. ਸੁਭਾਵਕ ਗਰਭਪਾਤ (ਮਿਸਕੈਰੇਜ - ਸਪੌਨਟੇਨੀਅਸ ਅਬੌਰਸ਼ਨ)**



**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579

ਕਈ ਔਰਤਾਂ ਨੂੰ ਆਪਣੇ ਆਪ ਹੀ ਗਰਭਪਾਤ ਹੋ ਜਾਂਦਾ ਹੈ। ਕਈ ਕੇਸਾਂ ਵਿੱਚ ਅਜਿਹੇ ਗਰਭਪਾਤ ਦਾ ਪਤਾ ਵੀ ਨਹੀਂ ਚਲਦਾ।ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਕਈ ਵਾਰੀ ਜ਼ਿਆਦਾ ਖ਼ੂਨ ਜਾਣ ਨਾਲ ਵੀ ਗਰਭਪਾਤ ਹੋ ਸਕਦਾ ਹੈ। ਸੁਭਾਵਕ ਗਰਭਪਾਤ ਦਾ ਕੋਈ ਇੱਕ ਕਾਰਣ ਨਹੀਂ ਹੁੰਦਾ। ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾ ਕਾਫ਼ੀ ਮਾਤਰਾ ਵਿੱਚ ਤੇਜ਼ ਅਦਰ ਵਾਲੀਆਂ ਦਵਾਈਆਂ ਖਾਣ, ਤੇਜ਼ ਬੁਖ਼ਾਰ, ਪੇਟ ਉੱਪਰ ਸੱਟ ਲੱਗਣ, ਵਾਰ-ਵਾਰ ਐਕਸ-ਰੇਅ ਕਿਰਣਾਂ ਦੇ ਪ੍ਰਭਾਵ ਹੇਠ ਆਉਣਾ, ਗ੍ਰੰਥੀਆਂ ਵਿੱਚ ਵਿਗਾੜ, ਬੱਚੇਦਾਨੀ ਵਿੱਚ ਜਾਂ ਇਸ ਦੇ ਆਸ-ਪਾਸ ਰਸੌਲੀਆਂ ਹੋਣ ਅਤੇ ਯੋਨੀ ਵਿੱਚ ਕਈ ਔਜ਼ਾਰ ਪਾ ਕੇ ਵਾਰ-ਵਾਰ ਪਰੀਖਣ ਕਰਨ ਨਾਲ ਵੀ ਗਰਭਪਾਤ ਹੋ ਸਕਦਾ ਹੈ। ਮਾਹਰ ਡਾਕਟਰਾਂ ਦੀ ਇਹ ਰਾਇ ਵੀ ਹੈ ਕਿ ਜਿਨ੍ਹਾਂ ਗਰਭਵਤੀ ਔਰਤਾਂ ਨੂੰ ਵੱਧ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਕੋਈ ਰੋਗ, ਸ਼ੁਗਰ, ਦਿਲ ਜਾਂ ਫੇਫੜਿਆਂ ਦੀ ਕੋਈ ਸਮੱਸਿਆ - ਜਿਸ ਕਰਕੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੂਰੀ ਆਕਸੀਜਨ ਨਾ ਮਿਲਦੀ ਹੋਵੇ - ਦੇ ਕਾਰਣ ਵੀ ਗਰਭਪਾਤ ਹੋ ਸਕਦਾ ਹੈ। ਕਈ ਔਰਤਾਂ ਨੂੰ ਤਿੰਨ-ਚਾਰ ਵਾਰ ਸੁਭਾਵਕ ਗਰਭਪਾਤ ਹੋ ਜਾਂਦਾ ਹੈ। ਅਜਿਹਾ ਹਾਰਮੋਨ ਦੀ ਕਮੀ ਜਾਂ ਅਸਮਾਨਤਾ, ਖ਼ਾਸ ਕਰਕੇ ਥਾਇਰੌਇਡ ਗ੍ਰੰਥੀ ਦੁਆਰਾ ਆਪਣਾ ਕੰਮ ਠੀਕ ਨਾ ਕਰਨ ਕਾਰਣ ਹੁੰਦਾ ਹੈ। ਬਾਰ-ਬਾਰ ਹੋਣ ਵਾਲੇ ਸੁਭਾਵੀ ਗਰਭਪਾਤ ਦੇ ਕੇਸਾਂ ਵਿੱਚ ਪੀੜਤ ਔਰਤ ਦੇ ਮਨ ਵਿੱਚ ਇੱਕ ਡਰ ਬੈਠ ਜਾਂਦਾ ਹੈ ਕਿ ਇਸ ਵਾਰੀ ਦੀ ਗਰਭ ਧਾਰਣ ਨਾਲ ਵੀ ਮੈਨੂੰ ਉਸ ਤਰ੍ਹਾਂ ਨਾ ਹੋ ਜਾਵੇ। ਕਈਆਂ ਨੂੰ ਬਾਰ-ਬਾਰ ਗਰਭਪਾਤ ਹੋਣ ਨਾਲ ਮਾਨਸਿਕ ਪੱਧਰ ਉੱਤੇ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਦੀ ਅਨਪੜ੍ਹਤਾ ਵਿੱਚੋਂ ਉਪਜੀ ਅਗਿਆਨਤਾ ਵਜੋਂ ਕਈ ਕੇਸਾਂ ਵਿੱਚ ਮਾਹਰ ਸਲਾਹ ਲੈਣ ਦੀ ਥਾਂ ਅਖੌਤੀ ਬਾਬਿਆਂ ਕੋਲ ਜਾ ਕੇ ਪਖੰਡ ਜਾਂ ਝਾੜ-ਫੂਕ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੀ ਮੈਡੀਕਲ ਸਮੱਸਿਆ ਮਾਹਰ ਡਾਕਟਰ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਉਸ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਤੋਂ ਪੀੜਤਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਮਰੱਥ ਪੇਸ਼ਾਵਰ ਸਿਹਤ ਪ੍ਰਦਾਨਕਰਤਾ ਦੀ ਸੇਵਾਵਾਂ ਦਾ ਹੀ ਲਾਭ ਲਿਆ ਜਾਵੇ।ਬਾਰ-ਬਾਰ ਹੋਣ ਵਾਲੇ ਸੁਭਾਵਕ ਗਰਭਪਾਤ ਵਿੱਚ ਹੋਮਿਓਪੈਥਿਕ ਦਵਾਈਆਂ ਰਾਹੀਂ ਮਦਦ ਹੋ ਸਕਦੀ ਹੈ। ਅਸੀਂ ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇੰਕ. ਵਿਖੇ ਅਸੀਂ ਮਾਨਸਿਕ, ਜਜ਼ਬਾਤੀ ਲੱਛਣਾਂ ਦਾ ਸਰੀਰਕ ਬਿਮਾਰੀ ਨਾਲ ਤਾਲਮੇਲ ਕਰਦੇ ਹੋਏ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ "ਕਾਂਸਟੀਚਿਊਸ਼ਨਲ ਹੋਮਿਓਪੈਥਿਕ ਦਵਾਈ" ਦੀ ਚੋਣ ਕਰਦੇ ਹਾਂ। ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇਨਕਾਰਪੋਰੇਸ਼ਨ ਵਿਖੇ ਪੀੜਤ ਔਰਤ ਲਈ ਕਾਂਸਟੀਚਿਊਸ਼ਨਲ ਦਵਾਈ ਦੀ ਚੋਣ ਕਰਦੇ ਹਾਂ।ਹੋਮਿਓਪੈਥਿਕ ਇਲਾਜ ਪ੍ਰਣਾਲੀ ਕੀ ਹੈ? ਇਸ ਬਾਰੇ ਹੋਰ ਜਾਣਕਾਰੀ ਲਈ ਤੁਸੀਂ youtube.com 'ਤੇ ਇਸ ਲੇਖ ਦੇ ਲੇਖਕ ਆਰ.ਐੱਸ.ਸੈਣੀ ਦੀਆਂ ਟੀ.ਵੀ. ਇੰਟਰਵਿਊਜ਼ ਦੀ ਰੀਕਾਰਡਿੰਗ ਦੇਖ ਸਕਦੇ ਹੋ। "RS Saini Homeopathy" ਲਿਖ ਕੇ ਸਰਚ ਕਰੋ।ਆਰ. ਐੱਸ.ਸੈਣੀ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹਨ।ਉਹ ਰੇਡਿਓ, ਟੈਲੀਵਿਯਨ ਅਤੇ ਸੈਮੀਨਾਰਾਂ ਰਾਹੀਂ ਜਨਤਾ ਤੱਕ ਹੋਮਿਓਪੈਥੀ ਬਾਰੇ ਸਹੀ ਜਾਣਕਾਰੀ ਪਹੁੰਚਾਉਣ ਦਾ ਉਪਰਾਲਾ ਕਰਦੇ ਆ ਰਹੇ ਹਨ। ਉਹ ਕਨੇਡੀਅਨ ਸੋਸਾਇਟੀ ਔਫ਼ ਹੋਮਿਓਪੈਥਸ ਦੇ ਮੈਂਬਰ ਅਤੇ ਵੈਸਟ ਕੋਸਟ ਹੋਮਿਓਪੈਥਿਕ ਸੋਸਾਇਟੀ ਦੇ ਡਾਇਰੈਕਟਰ ਵੀ ਹਨ। ਤੁਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਕਲੀਨਿਕ ਵਿਖੇ ਮਿਲ ਸਕਦੇ ਹੋ। ਉਨ੍ਹਾਂ ਵੱਲੋਂ ਹਾਲ ਹੀ ਵਿੱਚ ਲਿਖੀ ਅਤੇ ਲੋਕ ਅਰਪਣ ਹੋਈ ਹੋਮਿਓਪੈਥੀ ਦੀ ਪੁਸਤਕ "ਬਿਮਾਰ ਕੌਣ??" ਉਨ੍ਹਾਂ ਦੀ ਕਲਿਨਿਕ ਤੋਂ ਖ਼ਰੀਦੀ ਜਾ ਸਕਦੀ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132 FAX: 604-327-0335

# ਆਜ਼ਾਦੀ ਦੇ 75 ਸਾਲ:ਕੀ ਭਾਰਤ 'ਹਿੰਦੂ ਰਾਸ਼ਟਰ' ਬਣਨ ਵੱਲ ਵਧ ਰਿਹਾ ਹੈ?

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

**ਸਿਰਲੇਖ ਤੇ ਰਾਈਟਰ ਉਹੀ ਹਨ**

ਵੀਰ ਸਾਂਘਵੀ ਨੇ ਇੱਕ ਲੇਖ ਵਿੱਚ ਲਿਖਿਆ, 'ਕਿ ਮੋਦੀ ਤੋਂ ਪਹਿਲਾਂ ਕੋਈ ਭਾਰਤੀ ਪ੍ਰਧਾਨ ਮੰਤਰੀ ਪੂਜਾ-ਅਰਾਧਨਾ ਨੂੰ ਇੰਨੇ ਵੱਡੇ ਪੈਮਾਨੇ 'ਤੇ ਲੋਕਾਂ ਤੱਕ ਪਹੁੰਚਾਉਣ ਲਈ ਸੈਟੇਲਾਈਟ ਟੀਵੀ ਪ੍ਰੋਗਰਾਮਾਂ ਦਾ ਇਸਤੇਮਾਲ ਨਹੀਂ ਕਰ ਸਕਿਆ ਸੀ।''

ਭਾਰਤੀ ਸੰਵਿਧਾਨ ਕਹਿੰਦਾ ਹੈ ਕਿ ਜਾਤ, ਧਰਮ ਅਤੇ ਲਿੰਗ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਕੀਤਾ ਜਾਵੇਗਾ। ਪਰ ਨਾਗਰਿਕਤਾ ਸੋਧ ਕਾਨੂੰਨ ਜਾਂ ਸੀਏਏ ਨੂੰ ਮੁਸਲਿਮ ਵਿਰੋਧੀ ਕਾਨੂੰਨ ਦੀ ਤਰ੍ਹਾਂ ਦੇਖਿਆ ਜਾ ਰਿਹਾ ਹੈ।ਇਸ ਕਾਨੂੰਨ ਤਹਿਤ ਕੁਝ ਗੁਆਂਢੀ ਮੁਲਕਾਂ ਦੇ ਪਰਵਾਸੀ ਜੇਕਰ ਹਿੰਦੂ, ਸਿੱਖ ਜਾਂ ਬੋਧੀ ਹੋਏ ਤਾਂ ਉਨ੍ਹਾਂ ਨੂੰ ਭਾਰਤ ਦੀ ਨਾਗਰਿਕਤਾ ਮਿਲ ਜਾਵੇਗੀ, ਪਰ ਜੇਕਰ ਉਹ ਮੁਸਲਿਮ ਹੋਏ ਤਾਂ ਨਾਗਰਿਕਤਾ ਨਹੀਂ ਮਿਲੇਗੀ।

ਭਾਜਪਾ ਸਰਕਾਰ ਦੀ ਦਲੀਲ ਹੈ ਕਿ ਇਸ ਐਕਟ ਦਾ ਭਾਰਤੀਆਂ 'ਤੇ ਕੋਈ ਅਸਰ ਨਹੀਂ ਪਵੇਗਾ, ਪਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ 'ਤੇ ਚਿੰਤਾ ਪ੍ਰਗਟਾਈ ਹੈ ਅਤੇ ਇਸ ਨੂੰ ਮੁਸਲਮਾਨਾਂ ਦੇ ਵਿਰੁੱਧ ਭੇਦਭਾਵਪੂਰਨ ਦੱਸਿਆ ਹੈ। ਉਦਾਹਰਨ ਲਈ ਡੀਐੱਮਕੇ ਦੇ ਸੰਸਦ ਮੈਂਬਰ ਕਨੀਮੋਝੀ ਨੇ ਇੱਥੋਂ ਤੱਕ ਕਿਹਾ ਕਿ ਉਹ ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ।ਐੱਨਆਰਸੀ ਤਹਿਤ ਅਸਾਮ ਵਿੱਚ 19 ਲੱਖ ਲੋਕਾਂ ਨੂੰ ਗ਼ੈਰ-ਭਾਰਤੀ ਕਰਾਰ ਦਿੱਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ ਬਹੁਤਾਤ ਮੁਸਲਮਾਨਾਂ ਦੀ ਹੈ। ਉਨ੍ਹਾਂ ਨੂੰ ਆਪਣੇ ਧਰਮ ਕਾਰਨ ਸੀਏਏ ਤਹਿਤ ਨਾਗਰਿਕਤਾ ਨਹੀਂ ਦਿੱਤੀ ਜਾ ਸਕਦੀ।ਨਾਗਰਿਕਤਾ ਹਾਸਲ ਕਰਨ ਲਈ ਉਨ੍ਹਾਂ ਕੋਲ ਹਿੰਦੂ, ਸਿੱਖ ਜਾਂ ਜੈਨ ਧਰਮ ਅਪਨਾ ਲੈਣ ਦਾ ਹੀ ਇਕਲੌਤਾ ਬਦਲ ਹੋਵੇਗਾ।ਇਸ ਕਾਨੂੰਨ ਦੇ ਖਿਲਾਫ਼ ਦੇਸ਼ ਭਰ ਵਿੱਚ ਰੋਸ ਮੁਜ਼ਾਹਰੇ ਹੋਏ ਸਨ।

30 ਸਾਲ ਤੋਂ ਵੀ ਪਹਿਲਾਂ, ਇਹ ਭਾਜਪਾ ਦੇ ਐੱਲਕੇ ਅਡਵਾਨੀ ਸਨ, ਜਿਨ੍ਹਾਂ ਨੇ ਕਾਂਗਰਸ ਸ਼ਾਸਨ ਤਹਿਤ ਮੁਸਲਮਾਨਾਂ ਦੇ 'ਤੁਸ਼ਟੀਕਰਨ' ਯਾਨੀ ਕਿਸੇ ਮਕਸਦ ਲਈ ਖੁਸ਼ ਕਰਨ ਦੇ ਖਿਲਾਫ਼ ਇੱਕ ਤਿੱਖੀ ਮੁਹਿੰਮ ਚਲਾਈ ਸੀ।ਸ਼ਾਹਬਾਨੋ ਮਾਮਲੇ ਨੂੰ ਅਕਸਰ ਮੁਸਲਿਮ 'ਤੁਸ਼ਟੀਕਰਨ' ਦੀ ਮਿਸਾਲ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ। 1986 ਵਿੱਚ ਸੁਪਰੀਮ ਕੋਰਟ ਨੇ ਸ਼ਾਹਬਾਨੋ ਦੇ ਪੱਖ ਵਿੱਚ ਫੈਸਲਾ ਸੁਣਾਇਆ ਸੀ, ਪਰ ਤਤਕਾਲੀ ਕਾਂਗਰਸ ਸਰਕਾਰ, ਮੁਸਲਿਮ ਧਰਮ ਗੁਰੂਆਂ ਨੂੰ ਖੁਸ਼ ਕਰਨ ਲਈ ਕੋਰਟ ਦੇ ਆਦੇਸ਼ ਨੂੰ ਛਿੱਕੇ ਟੰਗ ਕੇ ਇੱਕ ਕਾਨੂੰਨ ਲੈ ਆਈ ਸੀ। ਇਨ੍ਹਾਂ ਮੁਸਲਿਮ ਧਰਮ ਗੁਰੂਆਂ ਨੂੰ ਲੱਗਦਾ ਸੀ ਕਿ ਕੋਰਟ ਦਾ ਮੂਲ ਹੁਕਮ ਸ਼ਰੀਆ ਕਾਨੂੰਨਾਂ ਦੇ ਖਿਲਾਫ਼ ਸੀ।ਕਈ ਵਿਦਵਾਨਾਂ ਅਤੇ ਲੇਖਕਾਂ ਦਾ ਮੰਨਣਾ ਹੈ ਕਿ 'ਤੁਸ਼ਟੀਕਰਨ' ਦੇ ਅਜਿਹੇ ਕੁਝ ਅਸਲ, ਕੁਝ ਕਾਲਪਨਿਕ ਮਾਮਲੇ ਹੀ ਆਖ਼ਰਕਾਰ ਵੱਡੇ ਪੈਮਾਨੇ 'ਤੇ ਹਿੰਦੂ ਪ੍ਰਤੀਕਿਰਿਆਵਾਂ ਦਾ ਕਾਰਨ ਬਣੇ।ਪਰ ਹੁਣ ਹਿੰਦੂ 'ਤੁਸ਼ਟੀਕਰਨ' ਦੀ ਚਰਚਾ ਹੋਣ ਲੱਗੀ ਹੈ। ਉਦਾਹਰਨ ਲਈ ਭਾਰਤ ਦੀ ਸਰਵਉੱਚ ਅਦਾਲਤ ਨੇ ਕੋਵਿਡ-19 ਮਹਾਮਾਰੀ ਦੇ ਕਹਿਰ ਦਰਮਿਆਨ ਜਗਨਨਾਥ ਯਾਤਰਾ ਅਤੇ ਅਯੁੱਧਿਆ ਵਿੱਚ ਭੂਮੀ ਪੂਜਨ ਦੀ ਆਗਿਆ ਦੇ ਦਿੱਤੀ।ਲੇਖਕ ਪੁਰਸ਼ੋਤਮ ਅਗਰਵਾਲ ਕਹਿੰਦੇ ਹਨ, ''ਮੁਸਲਿਮ ਵੋਟ ਬੈਂਕ ਦੀ ਤਰ੍ਹਾਂ, ਹਿੰਦੂਤਵ ਨੇ ਹਿੰਦੂ ਵੋਟ ਬੈਂਕ ਨੂੰ ਬਣਾਉਣ ਦਾ ਕੰਮ ਕੀਤਾ ਹੈ। ਇਹ ਉਨ੍ਹਾਂ ਦਾ ਸਿਆਸੀ ਟੀਚਾ ਸੀ, ਜਿਸ ਨੂੰ ਉਹ ਹਾਸਿਲ ਕਰ ਚੁੱਕੇ ਹਨ। ਹੁਣ ਕੋਈ ਹਿੰਦੂ ਵੋਟ ਬੈਂਕ ਤੋੜਨ ਦੀ ਹਿੰਮਤ ਨਹੀਂ ਕਰ ਸਕਦਾ।ਜਦੋਂ ਤੋਂ ਭਾਜਪਾ ਸੱਤਾ ਵਿੱਚ ਆਈ ਹੈ, ਮੁਸਲਿਮ ਜਾਂ ਮੁਸਲਮਾਨ ਨਾਮ ਵਰਗੇ ਸੁਣਾਈ ਦੇਣ ਵਾਲੇ ਕਈ ਸ਼ਹਿਰਾਂ ਅਤੇ ਸੜਕਾਂ ਦੇ ਨਾਂ ਬਦਲੇ ਜਾ ਰਹੇ ਹਨ। ਦਿੱਲੀ ਵਿੱਚ ਔਰੰਗਜ਼ੇਬ ਰੋਡ ਦੀ ਤਰ੍ਹਾਂ, ਅਕਬਰ ਰੋਡ ਜਾਂ ਸ਼ਾਹਜਹਾਂ ਰੋਡ ਦਾ ਨਾਮ ਬਦਲਣ ਦੀ ਮੰਗ ਹੋ ਰਹੀ ਹੈ।

ਪ੍ਰੋਫ਼ੈਸਰ ਪੁਰਸ਼ੋਤਮ ਅਗਰਵਾਲ ਮੰਨਦੇ ਹਨ ਕਿ ਇਹ ਮੰਗ ਹਿੰਦੂ ਸ਼ਕਤੀਆਂ ਦਾ ਦੋਗਲਾਪਣ ਦਿਖਾਉਂਦੀ ਹੈ।ਉਹ ਕਹਿੰਦੇ ਹਨ, ''ਉਨ੍ਹਾਂ ਨੂੰ ਅਕਬਰ ਰੋਡ ਜਾਂ ਸ਼ਾਹਜਹਾਂ ਰੋਡ ਤੋਂ ਬਹੁਤ ਸਮੱਸਿਆ ਹੈ। ਪਰ ਦਿੱਲੀ ਵਿੱਚ ਮਾਨ ਸਿੰਘ ਰੋਡ ਵੀ ਹੈ। ਉਹ ਕੌਣ ਸਨ? ਉਹ ਅਕਬਰ ਦੇ ਸੈਨਾ ਮੁਖੀ ਸਨ। ਟੋਡਰਮੱਲ ਮਾਰਗ ਅਤੇ ਬੀਰਬਲ ਮਾਰਗ ਵੀ ਦਿੱਲੀ ਵਿੱਚ ਹਨ। ਟੋਡਰਮੱਲ, ਅਕਬਰ ਦੇ ਵਿੱਤ ਮੰਤਰੀ ਸਨ। ਬੀਰਬਲ, ਅਕਬਰ ਦੇ ਨਵਰਤਨਾਂ ਵਿੱਚੋਂ ਇੱਕ ਸਨ। ਤੁਸੀਂ ਅਕਬਰ ਨੂੰ ਤਾਂ ਖਲਨਾਇਕ ਬਣਾਉਣਾ ਚਾਹੁੰਦੇ ਹੋ, ਪਰ ਬੀਰਬਲ ਜਾਂ ਟੋਡਰਮੱਲ ਜਾਂ ਮਾਨ ਸਿੰਘ ਨੂੰ ਨਹੀਂ, ਕਿਉਂ?''ਕਈ ਹਿੰਦੂ ਸੰਗਠਨਾਂ ਦੇ ਮੈਂਬਰ ਹੁਣ ਲੋਕਾਂ ਨੂੰ ਹਿੰਦੂ ਰਾਸ਼ਟਰ ਦੀ ਧਾਰਨਾ ਨੂੰ ਸਵੀਕਾਰ ਕਰਨ ਲਈ ਪਹਿਲਾਂ ਤੋਂ ਜ਼ਿਆਦਾ ਪ੍ਰੇਰਿਤ ਕਰਨ ਲੱਗੇ ਹਨ। ਪ੍ਰੋਫ਼ੈਸਰ ਅਗਰਵਾਲ ਕਹਿੰਦੇ ਹਨ ਕਿ ਆਮ ਹਿੰਦੂਆਂ ਵਿੱਚ ਇਸ ਵਿਚਾਰ ਦੀ ਮਾਨਤਾ 10 ਸਾਲ ਪਹਿਲਾਂ ਦੇ ਮੁਕਾਬਲੇ ਹੁਣ ਜ਼ਿਆਦਾ ਹੋ ਗਈ ਹੈ।

ਪ੍ਰੋਫ਼ੈਸਰ ਪੁਰਸ਼ੋਤਮ ਅਗਰਵਾਲ ਮੰਨਦੇ ਹਨ ਕਿ ਇਹ ਮੰਗ ਹਿੰਦੂ ਸ਼ਕਤੀਆਂ ਦਾ ਦੋਗਲਾਪਣ ਦਿਖਾਉਂਦੀ ਹੈ।ਉਹ ਕਹਿੰਦੇ ਹਨ, ''ਉਨ੍ਹਾਂ ਨੂੰ ਅਕਬਰ ਰੋਡ ਜਾਂ ਸ਼ਾਹਜਹਾਂ ਰੋਡ ਤੋਂ ਬਹੁਤ ਸਮੱਸਿਆ ਹੈ। ਪਰ ਦਿੱਲੀ ਵਿੱਚ ਮਾਨ ਸਿੰਘ ਰੋਡ ਵੀ ਹੈ। ਉਹ ਕੌਣ ਸਨ? ਉਹ ਅਕਬਰ ਦੇ ਸੈਨਾ ਮੁਖੀ ਸਨ। ਟੋਡਰਮੱਲ ਮਾਰਗ ਅਤੇ ਬੀਰਬਲ ਮਾਰਗ ਵੀ ਦਿੱਲੀ ਵਿੱਚ ਹਨ। ਟੋਡਰਮੱਲ, ਅਕਬਰ ਦੇ ਵਿੱਤ ਮੰਤਰੀ ਸਨ। ਬੀਰਬਲ, ਅਕਬਰ ਦੇ ਨਵਰਤਨਾਂ ਵਿੱਚੋਂ ਇੱਕ ਸਨ। ਤੁਸੀਂ ਅਕਬਰ ਨੂੰ ਤਾਂ ਖਲਨਾਇਕ ਬਣਾਉਣਾ ਚਾਹੁੰਦੇ ਹੋ, ਪਰ ਬੀਰਬਲ ਜਾਂ ਟੋਡਰਮੱਲ ਜਾਂ ਮਾਨ ਸਿੰਘ ਨੂੰ ਨਹੀਂ, ਕਿਉਂ?

ਹਿੰਦੂ ਜਨਜਾਗ੍ਰਿਤੀ ਸਮਿਤੀ ਇਸ ਗੱਲ ਨੂੰ ਸਵੀਕਾਰ ਕਰਦੀ ਹੈ। ਉਹ ਇੱਕ ਕੌਮੀ ਪੱਧਰ ਦਾ ਹਿੰਦੂਤਵ ਵਿਚਾਰਧਾਰਾ ਦਾ ਸੰਗਠਨ ਹੈ।ਉਹ ਹਿੰਦੂ ਰਾਸ਼ਟਰ ਲਈ ਬੈਠਕਾਂ ਕਰਦੀ ਹੈ ਅਤੇ ਇਸ ਲਈ ਜਾਗਰੂਕਤਾ ਮੁਹਿੰਮ ਚਲਾਉਂਦੀ ਹੈ। ਸਮਿਤੀ ਕਹਿੰਦੀ ਹੈ ਕਿ ਉਨ੍ਹਾਂ ਲਈ ਹਿੰਦੂ ਰਾਸ਼ਟਰ ਲਈ ਪੂਰਾ ਜ਼ੋਰ ਲਾ ਦੇਣ ਦਾ ਸਮਾਂ ਇਹੀ ਹੈ।ਮਹਾਰਾਸ਼ਟਰ ਵਿੱਚ ਪਿਛਲੇ ਦਿਨੀ ਹੋਈ ਇੱਕ ਬੈਠਕ ਵਿੱਚ, ਉਸ ਦੀ ਅਧਿਆਤਮਕ ਇਕਾਈ ਸਨਾਤਨ ਸੰਸਥਾ ਦੇ ਬੁਲਾਰੇ ਅਭੈ ਵਾਰਤਕ ਨੇ ਕਿਹਾ, ''ਹਿੰਦੂਆਂ ਦੀ ਹੋਂਦ ਸੰਕਟ ਵਿੱਚ ਆ ਜਾਵੇਗੀ, ਜੇਕਰ ਉਹ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਆਪਣੇਂ ਜੀਵਨ ਦਾ ਤਿਆਗ ਨਹੀਂ ਕਰਨਗੇ।''ਹਿੰਦੂ ਜਨਜਾਗ੍ਰਿਤੀ ਸਮਿਤੀ ਦੇ ਰਾਸ਼ਟਰੀ ਬੁਲਾਰੇ ਰਮੇਸ਼ ਸ਼ਿੰਦੇ ਨੇ ਬੀਬੀਸੀ ਨੂੰ ਦੱਸਿਆ, ''ਸਾਡੇ ਵਰਗੀਆਂ ਜਥੇਬੰਦੀਆਂ ਦੀ ਜ਼ਿੰਮੇਵਾਰੀ, ਭਾਰਤ ਦੇ ਲੋਕਾਂ ਵਿਚਕਾਰ ਹਿੰਦੂ ਰਾਸ਼ਟਰ ਦਾ ਸੰਦੇਸ਼ ਫੈਲਾਉਣ ਦੀ ਹੈ।''ਹਿੰਦੂ ਰਾਸ਼ਟਰ 'ਤੇ ਆਪਣੀ ਨਵੀਂ ਕਿਤਾਬ ਵਿੱਚ ਲੇਖਕ ਆਕਾਰ ਪਟੇਲ ਕਹਿੰਦੇ ਹਨ, ''ਸੰਰਚਨਾਤਮਕ ਤੌਰ 'ਤੇ ਭਾਰਤ ਹਿੰਦੂ ਰਾਸ਼ਟਰ ਬਣਨ ਦੀ ਕਗਾਰ 'ਤੇ ਪਹੁੰਚ ਚੁੱਕਿਆ ਹੈ।''

ਪ੍ਰੋ. ਕ੍ਰਿਸਟੋਫਰ ਜੈਫਰੇਲੋ ਕਹਿੰਦੇ ਹਨ ਕਿ 2019 ਵਿੱਚ ਭਾਜਪਾ ਦੀਆਂ ਚੋਣਾਂ ਜਿੱਤਣ ਦੇ ਬਾਅਦ ਤੋਂ ਹਿੰਦੂ ਰਾਸ਼ਟਰ ਦੇ ਸੰਕੇਤ ਹੋਰ ਪੁਖ਼ਤਾ ਹੋ ਚੁੱਕੇ ਹਨ। ਉਹ ਕਹਿੰਦੇ ਹਨ,''2019 ਤੋਂ ਬਾਅਦ ਹਰ ਚੀਜ਼ ਤੀਬਰ ਹੋ ਗਈ ਹੈ, ਨਵੇਂ ਕਾਨੂੰਨ, ਸੰਵਿਧਾਨਕ ਸੋਧਾਂ ਆਦਿ ਹੋਈਆਂ ਹਨ।

**ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਸਿਆਸਤ**

ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਕੇ ਰੱਖਣ ਦੀ ਵੀ ਜ਼ਰੂਰਤ ਹੈ। ਅਸਲ ਮੁੱਦੇ ਹੋਰ ਜ਼ਿਆਦਾ ਗੰਭੀਰ ਹੋ ਗਏ ਹਨ। ਆਰਥਿਕ ਸਥਿਤੀ ਸੱਚਮੁੱਚ ਚਿੰਤਾਜਨਕ ਹੈ।ਰੁਜ਼ਗਾਰ ਦੀ ਕਮੀ, ਮਹਿੰਗਾਈ ਆਦਿ... ਤਾਂ ਤੁਸੀਂ ਇਹ ਅੰਦਾਜ਼ਾ ਲਗਾ ਸਕਦੇ ਹੋ ਕਿ 'ਪਛਾਣ ਦੀ ਸਿਆਸਤ' ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦਾ ਇੱਕ ਤਰੀਕਾ ਹੈ। ਜਿਸ ਦੀ ਖ਼ੂਬ ਵਰਤੋਂ ਹੋਣ ਲੱਗੀ ਹੈ। ਜ਼ਾਹਿਰ ਹੈ ਇਹ ਸਭ, ਉਸ ਧਰੁਵੀਕਰਨ ਦੇ ਇਲਾਵਾ ਹੋ ਰਿਹਾ ਹੈ ਜਿਸ ਦੀ ਵਰਤੋਂ ਚੋਣਾਂ ਲਈ ਕੀਤੀ ਜਾਂਦੀ ਹੈ।''ਕੀ ਕੋਈ ਡਾਕਟਰ ਪ੍ਰਧਾਨ ਮੰਤਰੀ ਨਾਲ ਬਹਿਸ ਕਰ ਸਕੇਗਾ, ਜਦੋਂ ਉਹ ਕਹਿੰਦੇ ਹਨ ਕਿ ਪਲਾਸਟਿਕ ਸਰਜਰੀ ਅਤੇ ਜੈਨੇਟਿਕਸ ਦੀ ਮਦਦ ਨਾਲ ਭਗਵਾਨ ਗਣੇਸ਼ ਅਤੇ ਕਰਨ ਹੋਂਦ ਵਿੱਚ ਆਏ ਸਨ? ਇਹ ਇਤਿਹਾਸ ਨਹੀਂ ਹੈ।'

ਸਾਲਾਂ ਤੋਂ ਹਿੰਦੂ ਸੱਜੇ ਪੱਖੀ ਸੰਗਠਨ ਇਹ ਸ਼ਿਕਾਇਤ ਕਰਦੇ ਆਏ ਹਨ ਕਿ ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਇਤਿਹਾਸ ਦੀਆਂ ਪਾਠ ਪੁਸਤਕਾਂ ਹਮੇਸ਼ਾ ਖੱਬੇ ਪੱਖੀ ਜਾਂ ਮਾਰਕਸਵਾਦੀ ਇਤਿਹਾਸਕਾਰ ਲਿਖਦੇ ਆਏ ਹਨ, ਜਿਨ੍ਹਾਂ ਦਾ 'ਰਾਸ਼ਟਰਵਾਦੀ' ਹਿੰਦੂਆਂ ਪ੍ਰਤੀ ਨਜ਼ਰੀਆ ਪੱਖਪਾਤੀ ਰਿਹਾ ਹੈ।ਇਨ੍ਹਾਂ ਸੰਗਠਨਾਂ ਦੀ ਦਲੀਲ ਹੈ ਕਿ ਇਤਿਹਾਸ ਵਿੱਚ ਉਨ੍ਹਾਂ ਦਾ ਨਜ਼ਰੀਆ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਖੱਬੇ ਪੱਖੀ ਇਤਿਹਾਸਕਾਰ ਸੱਜੇ ਪੱਖੀਆਂ ਦੀ ਇਤਿਹਾਸ ਦੀ ਪੜਚੋਲ ਦਾ ਵਿਰੋਧ ਕਰਦੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਤਿਹਾਸ ਦੇ ਨਾਂ 'ਤੇ ਸੱਜੇ ਪੱਖੀ ਇਤਿਹਾਸਕਾਰ ਰੂੜੀਵਾਦ ਅਤੇ ਕੱਟੜਤਾ ਨੂੰ ਉਤਸ਼ਾਹਿਤ ਕਰ ਰਹੇ ਹਨ।ਉਨ੍ਹਾਂ ਦਾ ਇਲਜ਼ਾਮ ਹੈ ਕਿ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਦੀਆਂ ਮੋਦੀ ਸਰਕਾਰ ਦੀਆਂ ਕੋਸ਼ਿਸ਼ਾਂ ਜਾਰੀ ਹਨ।ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਜ਼ਰੂਰੀ ਤਬਦੀਲੀਆਂ ਨੂੰ ਦੇਖਣ ਲਈ ਬਣੀ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਗੋਵਿੰਦ ਪ੍ਰਸਾਦ ਸ਼ਰਮਾ ਹਨ।

ਉਨ੍ਹਾਂ ਨੇ ਪਿਛਲੇ ਸਾਲ ਇੱਕ ਅੰਗਰੇਜ਼ੀ ਦੈਨਿਕ ਨੂੰ ਦੱਸਿਆ, ''ਅੱਜ ਜੋ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ, ਉਹ ਸਿਰਫ਼ ਇਹ ਦੱਸਦਾ ਹੈ ਕਿ ਇੱਥੇ ਅਸੀਂ ਜਿੱਤ ਗਏ, ਅਸੀਂ ਉੱਥੇ ਹਾਰ ਗਏ। ਪਰ ਸਾਨੂੰ ਸਾਡੇ ਸੰਘਰਸ਼ਾਂ ਬਾਰੇ ਦੱਸਣਾ ਹੋਵੇਗਾ। ਵਿਦੇਸ਼ੀ ਹਮਲਾਵਰਾਂ ਦੇ ਖਿਲਾਫ਼ ਜਾਂਬਾਜ਼ ਲੜਾਈਆਂ ਬਾਰੇ ਦੱਸਣਾ ਹੋਵੇਗਾ। ਅਸੀਂ ਲੋਕ ਉਸ ਚੀਜ਼ ਨੂੰ ਪੂਰੀ ਤਰ੍ਹਾਂ ਨਾਲ ਸਾਹਮਣੇ ਨਹੀਂ ਰੱਖਦੇ ਹਾਂ।''

ਸੀਨੀਅਰ ਪੱਤਰਕਾਰ ਅਤੇ ਆਰਐੱਸਐੱਸ ਦੇ ਇੱਕ ਨਜ਼ਦੀਕੀ ਜਾਣਕਾਰ ਸ਼੍ਰੀਧਰ ਦਾਮਲੇ ਵੀ ਮੰਨਦੇ ਹਨ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਬਣੇਗਾ, ਨਾ ਕਿ ਇੱਕ ਹਿੰਦੂ ਰਾਜ।ਗੋਵਿੰਦ ਪ੍ਰਸਾਦ ਸ਼ਰਮਾ ਨੇ 'ਵੈਦਿਕ ਗਣਿਤ' ਦਾ ਵਿਸ਼ਾ ਵੀ ਪੜ੍ਹਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਸਮਕਾਲੀ ਭਾਰਤੀ ਇਤਿਹਾਸ ਦੇ ਪ੍ਰੋਫ਼ੈਸਰ ਅਤੇ 'ਆਰਐੱਸਐੱਸ, ਸਕੂਲੀ ਪਾਠ ਪੁਸਤਕਾਂ ਅਤੇ ਮਹਾਤਮਾ ਗਾਂਧੀ ਦੀ ਹੱਤਿਆ' ਨਾਂ ਦੀ ਕਿਤਾਬ ਦੇ ਸਹਿ ਲੇਖਕ ਡਾ. ਆਦਿੱਤਿਆ ਮੁਖਰਜੀ ਦਾ ਇੱਕ ਬਿਆਨ ਭਾਰਤੀ ਮੀਡੀਆ ਵਿੱਚ ਆਇਆ ਸੀ।ਉਨ੍ਹਾਂ ਕਿਹਾ ਸੀ ਕਿ ਕੱਟੜਤਾ ਨੇ ਇਤਿਹਾਸ ਦੀ ਜਗ੍ਹਾ ਲੈ ਲਈ ਹੈ, ਜੋ ਅਸਲ ਖਤਰਾ ਹੈ।

ਉਨ੍ਹਾਂ ਨੇ ਇਹ ਵੀ ਕਿਹਾ ਸੀ, ''ਕੀ ਕੋਈ ਡਾਕਟਰ ਪ੍ਰਧਾਨ ਮੰਤਰੀ ਨਾਲ ਬਹਿਸ ਕਰ ਸਕੇਗਾ, ਜਦੋਂ ਉਹ ਕਹਿੰਦੇ ਹਨ ਕਿ ਪਲਾਸਟਿਕ ਸਰਜਰੀ ਅਤੇ ਜੈਨੇਟਿਕਸ ਦੀ ਮਦਦ ਨਾਲ ਭਗਵਾਨ ਗਣੇਸ਼ ਅਤੇ ਕਰਨ ਹੋਂਦ ਵਿੱਚ ਆਏ ਸਨ? ਇਹ ਇਤਿਹਾਸ ਨਹੀਂ ਹੈ।''ਸਿੱਖਿਆ ਰਾਜ ਸੂਚੀ ਵਿੱਚ ਵੀ ਸ਼ਾਮਲ ਹੈ ਅਤੇ ਸੰਘੀ ਸੂਚੀ ਦਾ ਵਿਸ਼ਾ ਵੀ ਹੈ, ਪਰ ਬਹੁਤ ਸਾਰੇ ਸਿੱਖਿਆ ਬੋਰਡ ਅਤੇ ਇਤਿਹਾਸ ਦੀਆਂ ਕਿਤਾਬਾਂ ਲਿਖਣ ਲਈ ਗਠਿਤ ਕਮੇਟੀਆਂ ਰਾਸ਼ਟਰੀ ਪੱਧਰ ਦੀਆਂ ਹਨ।ਜਿਨ੍ਹਾਂ ਕੁਝ ਸੂਬਿਆਂ ਵਿੱਚ ਭਾਜਪਾ ਸੱਤਾ ਵਿੱਚ ਹੈ, ਉੱਥੇ ਸਕੂਲੀ ਕਿਤਾਬਾਂ ਵਿੱਚ ਬਹੁਤ ਸਾਰੇ ਬਦਲਾਅ ਕੀਤੇ ਜਾ ਰਹੇ ਹਨ।ਕਰਨਾਟਕ ਵਿੱਚ ਅਜਿਹੇ ਹੀ ਬਦਲਾਵਾਂ 'ਤੇ ਬੀਤੇ ਕੁਝ ਮਹੀਨਿਆਂ ਵਿੱਚ ਉੱਠੇ ਵਿਵਾਦ ਨੇ ਭਾਜਪਾ ਸਰਕਾਰ ਨੂੰ ਹਿਲਾ ਦਿੱਤਾ ਸੀ।

ਸਾਬਕਾ ਕੇਂਦਰੀ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੇ ਆਗੂ ਕਪਿਲ ਸਿੱਬਲ ਨੇ ਬੀਬੀਸੀ ਹਿੰਦੀ ਨੂੰ ਦਿੱਤੀ ਇੰਟਰਵਿਊ ਵਿੱਚ ਸਕੂਲੀ ਪਾਠ ਪੁਸਤਕ ਸਮੀਖਿਆ ਕਮੇਟੀ ਦੇ ਪ੍ਰਮੁੱਖ ਚਕਰਤੀਰਥ 'ਤੇ ਇਲਜ਼ਾਮ ਲਗਾਇਆ ਸੀ ਕਿ ਉਹ ਇਨ੍ਹਾਂ ਕਿਤਾਬਾਂ ਵਿੱਚ ਆਰਐੱਸਐੱਸ ਵਿਚਾਰਕ ਹੈੱਡਗੇਵਾਰ ਦੇ ਭਾਸ਼ਣ ਨੂੰ ਸ਼ਾਮਲ ਕਰਕੇ ਅਤੇ ਆਜ਼ਾਦੀ ਘੁਲਾਈਟੇ, ਸਮਾਜ ਸੁਧਾਰਕਾਂ ਵਰਗੇ ਮਹੱਤਵਪੂਰਨ ਵਿਅਕਤੀਆਂ 'ਤੇ ਲਿਖੇ ਪਾਠਾਂ ਅਤੇ ਪ੍ਰਸਿੱਧ ਸਾਹਿਤਕ ਹਸਤੀਆਂ ਦੀਆਂ ਰਚਨਾਵਾਂ ਨੂੰ ਹਟਾ ਕੇ ਕਿਤਾਬਾਂ ਦਾ 'ਭਗਵਾਕਰਨ' ਕਰ ਰਹੇ ਹਨ।ਕੇਂਦਰ ਸਰਕਾਰ ਦੇ ਪੱਧਰ 'ਤੇ ਪਾਠ ਪੁਸਤਕਾਂ ਵਿੱਚ ਵੱਡੇ ਪੈਮਾਨੇ 'ਤੇ ਬਦਲਾਅ ਦਹਾਕਿਆਂ ਵਿੱਚ ਇੱਕ ਵਾਰ ਹੀ ਕੀਤੇ ਜਾ ਸਕਦੇ ਹਨ। ਐੱਨਸੀਈਆਰਟੀ ਸੂਬਾ ਸਰਕਾਰਾਂ ਨੂੰ ਸਿਲੇਬਸ ਵਿੱਚ ਬਦਲਾਅ ਦੀ ਸਿਫਾਰਸ਼ ਕਰ ਸਕਦੀ ਹੈ, ਜਿਸ ਨੂੰ ਸਵੀਕਾਰ ਜਾਂ ਖਾਰਜ ਕੀਤਾ ਜਾ ਸਕਦਾ ਹੈ।ਧਿਆਨ ਰਹੇ ਕਿ ਹੁਣ ਹਾਲ ਹੀ ਵਿੱਚ ਯਾਨੀ 2019 ਵਿੱਚ 9ਵੀਂ ਅਤੇ 10ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਬਦਲਾਅ ਕੀਤੇ ਗਏ ਸਨ।

**ਸਾਵਰਕਰ ਦੀ ਨਜ਼ਰ ਵਿੱਚ ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੀ ਜਗ੍ਹਾ ਨਹੀਂ**

ਭਾਜਪਾ ਆਗੂ ਕਪਿਲ ਮਿਸ਼ਰਾ ਹੁਣ ਇੱਕ ਆਨਲਾਈਨ ਨੈੱਟਵਰਕ ਚਲਾਉਂਦੇ ਹਨ, ਜਿਸ ਦਾ ਨਾਮ ਹੈ 'ਹਿੰਦੂ ਈਕੋਸਿਸਟਮ', ਇਹ ਨੈੱਟਵਰਕ ਹਿੰਦੂ ਪੀੜਤਾਂ ਲਈ ਕੰਮ ਕਰਨ ਦੀ ਗੱਲ ਕਰਦਾ ਹੈ। ਉਹ ਕਹਿੰਦੇ ਹਨ ਕਿ ਹਿੰਦੂ ਰਾਸ਼ਟਰ ਵਿੱਚ ਕੋਈ ਵੀ ਘੱਟਗਿਣਤੀ ਨਹੀਂ ਹੋਵੇਗੀ। ''ਮੁਸਲਿਮ (ਹਿੰਦੂਆਂ ਦੇ ਬਾਅਦ) ਦੂਜੇ ਬਹੁਗਿਣਤੀ ਹੋਣਗੇ।''ਉਹ ਮੁਸਲਮਾਨਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਉਹ ਇੱਕ ਹਿੰਦੂ ਬਹੁਗਿਣਤੀ ਸ਼ਾਸਨ ਤਹਿਤ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਆਪਣੇ ਧਰਮ ਦਾ ਪਾਲਣ ਕਰਨ ਦੀ ਆਗਿਆ ਹੋਵੇਗੀ।

ਕਪਿਲ ਮਿਸ਼ਰਾ ਇਸ ਨਜ਼ਰੀਏ ਨੂੰ ਖਾਰਜ ਕਰਦੇ ਹਨ ਕਿ ਸੰਘ ਪਰਿਵਾਰ ਇੱਕ ਹਿੰਦੂ ਬਹੁਗਿਣਤੀ ਸ਼ਾਸਨ ਲਿਆਉਣ 'ਤੇ ਉਤਾਰੂ ਹੈ।ਕਪਿਲ ਮਿਸ਼ਰਾ ਕਹਿੰਦੇ ਹਨ, ''ਹਿੰਦੂ ਬਹੁਗਿਣਤੀ ਜਦੋਂ ਤੱਕ ਸ਼ਾਸਨ ਵਿੱਚ ਰਹੇਗਾ, ਭਾਰਤ ਧਰਮਨਿਰਪੱਖ ਬਣਿਆ ਰਹੇਗਾ ਅਤੇ ਧਾਰਮਿਕ ਸਹਿਣਸ਼ੀਲਤਾ ਦਾ ਪਾਲਣ ਕਰਦਾ ਰਹੇਗਾ।''ਭਾਜਪਾ ਦੇ ਰਾਜ ਸਭਾ ਐੱਮਪੀ ਪ੍ਰੋਫ਼ੈਸਰ ਰਾਕੇਸ਼ ਸਿਨਹਾ ਵੀ ਇਹੀ ਦਾਅਵਾ ਕਰਦੇ ਹਨ, ਪਰ ਨਾਲ ਹੀ ਉਹ ਇਹ ਵੀ ਕਹਿੰਦੇ ਹਨ, ''ਆਰਐੱਸਐੱਸ ਜਾਂ ਹਿੰਦੂਤਵ ਅੰਦੋਲਨ, ਇਬਾਦਤ ਦੇ ਦੂਜੇ ਤਰੀਕਿਆਂ ਨੂੰ ਮਿਟਾ ਕੇ ਪੂਜਾ ਕਰਨ ਦੇ ਇੱਕ ਹੀ ਤਰੀਕੇ 'ਤੇ ਆਧਾਰਿਤ ਰਾਸ਼ਟਰ ਦੀ ਕਲਪਨਾ ਨਹੀਂ ਕਰਦਾ ਹੈ।''ਪਰ ਇਸਲਾਮ ਨੂੰ (ਭਾਰਤ ਵਿੱਚ) ਇਹ ਸਮਝਣਾ ਹੋਵੇਗਾ ਕਿ ਸੱਭਿਆਚਾਰ, ਸੱਭਿਅਤਾ ਅਤੇ ਸਾਡੇ ਪੂਰਵਜ ਇੱਕ ਹਨ, ਸਿਰਫ਼ ਇਬਾਦਤ ਦੇ ਢੰਗ ਅਲੱਗ ਹਨ।''ਆਰਐੱਸਐੱਸ ਮੁਖੀ ਮੋਹਨ ਭਾਗਵਤ ਅਕਸਰ ਕਹਿੰਦੇ ਰਹੇ ਹਨ ਕਿ ਮੁਸਲਮਾਨਾਂ ਅਤੇ ਹਿੰਦੂਆਂ ਦੀ ਸਾਂਝੀ ਵਿਰਾਸਤ ਹੈ, ਇਸ ਲਈ ਸਾਰੇ ਭਾਰਤੀ ਹਿੰਦੂ ਹਨ। ਮੁਸਲਮਾਨਾਂ ਦੇ ਪੂਰਵਜਾਂ ਦਾ ਜਬਰੀ ਧਰਮ ਪਰਿਵਰਤਨ ਕੀਤਾ ਗਿਆ ਸੀ।ਦੂਜੇ ਹਿੰਦੂਤਵਵਾਦੀ ਆਗੂਆਂ ਦਾ ਕਹਿਣਾ ਹੈ ਕਿ ਮੁਸਲਮਾਨਾਂ ਅਤੇ ਈਸਾਈਆਂ ਨੂੰ ਨੌਕਰੀ ਅਤੇ ਪੈਸੇ ਦਾ ਝਾਂਸਾ ਦੇ ਕੇ ਆਪਣੀ ਧਾਰਮਿਕ ਸਿੱਖਿਆ ਫੈਲਾਉਣ ਦੀ ਆਗਿਆ ਨਹੀਂ ਮਿਲੇਗੀ।ਅਸਲ ਵਿੱਚ ਘੱਟ ਤੋਂ ਘੱਟ ਨੌਂ ਭਾਰਤੀ ਸੂਬਿਆਂ ਨੇ ਧਰਮ ਪਰਿਵਰਤਨ ਵਿਰੋਧੀ ਕਾਨੂੰਨ ਪਾਸ ਕੀਤੇ ਹਨ, ਜਿਨ੍ਹਾਂ ਦੀ ਬਦੌਲਤ ਜ਼ਬਰਦਸਤੀ ਜਾਂ ਪੈਸੇ ਅਤੇ ਰੁਜ਼ਗਾਰ ਦਾ ਝਾਂਸਾ ਦੇ ਕੇ ਧਰਮ ਪਰਿਵਰਤਨ ਕਰਾਉਣਾ ਗੈਰ-ਕਾਨੂੰਨੀ ਹੋ ਗਿਆ ਹੈ।ਜ਼ਾਹਿਰ ਹੈ, ਸਾਵਰਕਰ ਦੀ ਨਜ਼ਰ ਵਿੱਚ ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੀ ਜਗ੍ਹਾ ਨਹੀਂ ਹੈ, ਜਦਕਿ ਇਹ ਦੋਵੇਂ ਭਾਰਤ ਦੇ ਦੋ ਸਭ ਤੋਂ ਮਹੱਤਵਪੂਰਨ ਘੱਟਗਿਣਤੀ ਭਾਈਚਾਰੇ ਹਨ।

ਸਾਵਰਕਰ ਦੇ ਹਿੰਦੂ ਰਾਸ਼ਟਰ ਵਿੱਚ ਉਨ੍ਹਾਂ ਦੀ ਕੀ ਜਗ੍ਹਾ ਹੋਵੇਗੀ ਇਹ ਸਪੱਸ਼ਟ ਰੂਪ ਨਾਲ ਨਹੀਂ ਦੱਸਿਆ ਗਿਆ ਹੈ, ਪਰ ਜ਼ਿਆਦਾ ਤੋਂ ਜ਼ਿਆਦਾ ਉਹ ਦੂਜੇ ਦਰਜੇ ਦੀ ਨਾਗਰਿਕਤਾ ਦੀ ਉਮੀਦ ਕਰ ਸਕਦੇ ਹਨ।ਜਿਸ ਤਹਿਤ ਬਹੁਤ ਜ਼ਿਆਦਾ ਅਧਿਕਾਰਾਂ ਦੀ ਉਮੀਦ ਕੀਤੇ ਬਿਨਾਂ ਭਾਰਤ ਵਿੱਚ ਰਹਿ ਸਕਦੇ ਹਨ।ਸਾਵਰਕਰ ਦੀ ਨਜ਼ਰ ਵਿੱਚ ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੀ ਜਗ੍ਹਾ ਨਹੀਂ ਹੈ, ਜਦਕਿ ਇਹ ਦੋਵੇਂ ਭਾਰਤ ਦੇ ਦੋ ਸਭ ਤੋਂ ਮਹੱਤਵਪੂਰਨ ਘੱਟਗਿਣਤੀ ਭਾਈਚਾਰੇ ਹਨ।ਮੁਸਲਮਾਨਾਂ ਅਤੇ ਈਸਾਈਆਂ ਨੂੰ ਨਜ਼ਦੀਕ ਲਿਆਉਣ ਲਈ ਆਰਐੱਸਐੱਸ ਕੋਲ ਇੱਕ ਮਜ਼ਬੂਤ ਪ੍ਰੋਗਰਾਮ ਹੈ। ਆਰਐੱਸਐੱਸ ਵਿੱਚ ਮੁਸਲਿਮ ਆਊਟਰੀਚ ਦੇ ਕਰਤਾ- ਧਰਤਾ ਇੰਦਰੇਸ਼ ਕੁਮਾਰ ਹਨ।

ਪ੍ਰੋਫ਼ੈਸਰ ਸਿਨਹਾ ਇਸ ਗੱਲ ਤੋਂ ਨਿਰਾਸ਼ ਹਨ ਕਿ 'ਮੈਂ ਮੰਨਦਾ ਹਾਂ ਕਿ ਅਸੀਂ ਉਨ੍ਹਾਂ (ਮੁਸਲਮਾਨਾਂ) ਵੱਲ ਹੱਥ ਵਧਾਇਆ ਅਤੇ ਸਾਡਾ ਨਜ਼ਰੀਆ ਇਸ ਬਾਰੇ ਵਿੱਚ ਖੁੱਲ੍ਹਾ ਹੈ। ਉਨ੍ਹਾਂ ਵੱਲੋਂ ਵੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ। ਆਪਣਾ ਹੀ ਹੱਥ ਅੱਗੇ ਵਧਾ ਕੇ ਰੱਖਣਾ ਇੱਕ ਕਿਸਮ ਦਾ ਤੁਸ਼ਟੀਕਰਨ ਹੈ। ਤੁਹਾਨੂੰ ਆਪਣੀਆਂ ਕਮੀਆਂ ਬਾਰੇ ਦੱਸਣਾ ਹੋਵੇਗਾ ਅਤੇ ਆਪਣੇ ਅੰਦਰ ਕੱਟੜਵਾਦੀ ਤੱਤਾਂ ਨੂੰ ਕਾਬੂ ਵਿੱਚ ਕਰਨਾ ਭਾਈਚਾਰੇ ਦਾ ਕੰਮ ਹੈ।''

**ਕੀ ਮੁਸਲਮਾਨਾ ਨੂੰ ਭਾਰਤ ਫਿਰ ਛੱਡਣਾ ਪਵੇਗਾ?**


ਦੂਜੇ ਪਾਸੇ ਮੁਸਲਮਾਨਾਂ ਨੂੰ ਡਰ ਹੈ ਕਿ 'ਹਿੰਦੂ ਬਹੁਗਿਣਤੀ' ਸ਼ਾਸਨ ਵਿੱਚ ਉਨ੍ਹਾਂ ਨੂੰ ਇੱਕ ਸਾਂਚੇ ਵਿੱਚ ਪਾ ਕੇ ਅਲੱਗ-ਅਲੱਗ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਦੀ ਤਰ੍ਹਾਂ ਸਲੂਕ ਕੀਤਾ ਜਾਵੇਗਾ।ਉਹ ਪਹਿਲਾਂ ਤੋਂ ਮਹਿਸੂਸ ਕਰਦੇ ਹਨ ਕਿ ਉਹ ਸਿਆਸੀ ਵਖਰੇਵਾਂ ਝੱਲ ਰਹੇ ਹਨ।ਉਨ੍ਹਾਂ ਦਾ ਡਰ, ਹਿੰਦੂਤਵੀ ਆਗੂਆਂ ਦੇ ਗਾਹੇ-ਬਗਾਹੇ ਆਏ ਬਿਆਨਾਂ

**(ਬਾਕੀ ਸਫਾ ਬੀ26 ਤੇ)**


**ICBC Certified Driving School**

**B and H Driving School Inc.**

**Surrey BC**




Certified Instructor | Punjabi Speaking

Reasonable Rates | Car Available for Road Test

**ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :**

**604-807-2296**

2310

# ਹਸਗੁੱਲੇ

ਬੱਸ ਸਟਾਪ 'ਤੇ ਇੱਕ ਕੁੜੀ ਨੇ ਇੱਕ ਸੁੰਦਰ ਲੜਕੇ ਨੂੰ ਦੇਖਿਆ ਅਤੇ ਮੋਹਿਤ ਹੋ ਕੇ ਕਿਹਾ:- "ਮੈਂ ਤੁਹਾਨੂੰ ਪਿਆਰ ਕਰਦੀ ਹਾਂ।"

ਮੁੰਡੇ ਨੇ ਕੁੜੀ ਦੇ ਦੁਪੱਟੇ ਨਾਲ ਕੁੜੀ ਦਾ ਸਿਰ ਢੱਕਦੇ ਹੋਏ ਕਿਹਾ:- "ਰਾਮ ਦਾ ਨਾਮ ਜਪਿਆ ਕਰੋ"

ਪਿਆਰ ਵਿੱਚ ਕੁਝ ਨਹੀਂ ਰੱਖਿਆ।

ਮੈਂ ਇਸ ਕਾਗਜ਼ 'ਤੇ ਗਾਇਤਰੀ ਮੰਤਰ ਲਿਖ ਕੇ ਦੇ ਰਿਹਾ ਹਾਂ, ਇਸ ਨੂੰ ਰੋਜ਼ਾਨਾ ਸੌਣ ਤੋਂ ਪਹਿਲਾਂ ਪੜ੍ਹੋ।

ਮੁੰਡੇ ਨੇ ਪੇਪਰ ਲਿਖ ਕੇ ਕੁੜੀ ਨੂੰ ਫੜਾ ਦਿੱਤਾ ,ਇਨੇ ਨੂੰ ਬੱਸ ਆਈ ਅਤੇ ਲੜਕੀ ਚਲੀ ਗਈ)

ਜਦੋਂ ਸ਼ਰਮਿੰਦਾ ਹੋਈ ਕੁੜੀ ਨੇ ਪੇਪਰ ਖੋਲ੍ਹ ਕੇ ਦੇਖਿਆ

ਇਸ ਵਿੱਚ ਲਿਖਿਆ ਸੀ – "ਅਕਲ ਦੀ ਅੰਨ੍ਹੀ, ਪਿੱਛੇ ਮੇਰੀ ਪਤਨੀ ਖੜੀ ਸੀ।

ਇਹ ਮੇਰਾ ਮੋਬਾਈਲ ਨੰਬਰ ਹੈ।

ਫ਼ੋਨ 'ਤੇ ਗੱਲ ਕਰਾਂਗੇ, ਅਤੇ ਹਾਂ... ਆਈ ਲਵ ਯੂ"

******************

ਪੱਪੂ, ''ਪਾਪਾ, ਮੈਨੂੰ ਮੈਡਮ ਰੋਜ਼ ਮਾਰਦੀ ਹੈ।"

ਪਾਪਾ, ''ਤੂੰ ਡਰ ਨਾ ਬੇਟਾ, ਤੂੰ ਤਾਂ ਸ਼ੇਰ ਦਾ ਬੱਚਾ ਹੈ।"

ਪੱਪੂ, ''ਮੈਡਮ ਵੀ ਇਹੀ ਕਹਿੰਦੀ ਹੈ।"

ਪਾਪਾ (ਖੁਸ਼ ਹੋ ਕੇ), ''ਅੱਛਾ, ਕੀ ਕਹਿੰਦੀ ਹੈ?"

ਪੱਪੂ, ''ਪਤਾ ਨਹੀਂ ਕਿਸ ਜਾਨਵਰ ਦੀ ਔਲਾਦ ਹੈ, ਕੁਝ ਪੜ੍ਹਦਾ ਹੀ ਨਹੀਂ।"

******************

ਅਖਬਾਰ ਪੜ੍ਹਦੇ ਹੋਏ ਪਤੀ ਖੁਸ਼ ਹੁੰਦਾ ਬੋਲਿਆ, ''ਮੈਂ ਕਿਹਾ ਸੁਣਦੀ ਏਂ ਰੂਸ

ਤੇ ਅਮਰੀਕਾ ਨੇ ਚੰਨ ਉਤੇ ਨਵੇਂ ਰਾਕੇਟ ਭੇਜੇ ਹਨ। ਲੱਗਦਾ ਹੈ, ਚੰਨ ਉਤੇ ਲੋਕ

ਇੰਝ ਜਾਇਆ ਕਰਨਗੇ ਜਿਵੇਂ ਤੂੰ ਪੇਕੇ ਆਉਂਦੀ-ਜਾਂਦੀ ਏਂ।"

''ਰਾਕੇਟ-ਵਾਕੇਟ ਨੂੰ ਛੱਡੋ। ਇਹ ਦੱਸੋ ਕਿ ਕਿਹੜੀ ਸਬਜ਼ੀ ਬਣਾਵਾਂ? ਹਾਂ,

ਦਫਤਰ ਤੋਂ ਵਾਪਸੀ ਵੇਲੇ ਗੁੱਡੂ ਲਈ ਖਿਡੌਣੇ ਲੈਂਦੇ ਆਉਣਾ।" ਪਤੀ ਦੀ ਖੁਸ਼ੀ ਉੱਤੇ ਪਾਣੀ ਫੇਰਦੀ ਹੋਈ ਪਤਨੀ ਬੋਲੀ।

******************

ਪਤਨੀ,''ਲੱਗਦਾ ਹੈ ਕਿ ਮੈਂ ਪਹਿਲਾਂ ਤੋਂ ਤਕੜੀ ਹੋ ਗਈ ਹਾਂ।"

ਪਤੀ, ''ਕਿਉਂ?"

ਪਤਨੀ, ''ਕੁਝ ਸਾਲ ਪਹਿਲਾਂ ਮੈਂ 100 ਰੁਪਏ ਦਾ ਸਾਮਾਨ ਖਰੀਦ ਕੇ ਖੁਦ ਘਰ ਨਹੀਂ ਲਿਆ ਸਕਦੀ ਸੀ, ਪਰ ਅੱਜਕੱਲ੍ਹ ਪੰਜ ਸੌ ਰੁਪਏ ਦਾ ਸਾਮਾਨ ਵੀ ਆਸਾਨੀ ਨਾਲ ਲਿਆ ਸਕਦੀ ਹਾਂ।"

******************

ਲਾਇਬਰੇਰੀ ਦਾ ਕਲਰਕ (ਲੜਕੇ ਨੂੰ), ''ਤੈਨੂੰ ਸ੍ਰੀ ਘਸੀਟਾ ਨੰਦ ਦੀਆਂ ਕਿਤਾਬਾਂ ਵਿੱਚ ਬੜਾ ਆਨੰਦ ਆਉਂਦਾ ਲੱਗਦੈ। ਹਰ ਵਾਰ ਉਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਲੈ ਜਾਂਦੇ ਏਂ।"

ਲੜਕਾ, ''ਦਰਅਸਲ ਗੱਲ ਇਹ ਹੈ ਕਿ ਇੱਕ ਵਾਰ ਉਨ੍ਹਾਂ ਕਿਤਾਬਾਂ ਵਿੱਚ 100 ਰੁਪਏ ਦਾ ਨੋਟ ਮਿਲਿਆ ਸੀ।"

******************

ਇੱਕ ਟੈਕਸੀ ਚਾਲਕ ਨੂੰ ਚੱਲਦੀ ਟੈਕਸੀ ਵਿੱਚ ਪਿੱਛੇ ਬੈਠੇ ਯਾਤਰੀ ਨੇ ਜਦੋਂ ਕੁਝ ਕਹਿਣ ਲਈ ਉਸ ਦੇ ਮੋਢੇ ਉਤੇ ਹੱਥ ਰੱਖਿਆ ਤਾਂ ਟੈਕਸੀ ਡਰਾਈਵਰ ਜ਼ੋਰ ਨਾਲ ਚੀਕਿਆ ਤੇ ਘਬਰਾ ਕੇ ਟੈਕਸੀ ਦਾ ਸੰਤੁਲਨ ਗੁਆ ਬੈਠਾ ਤੇ ਟੈਕਸੀ ਫੁਟਪਾਥ ਉਤੇ ਚੜ੍ਹ ਗਈ। ਯਾਤਰੀ ਨੇ ਟੈਕਸੀ ਡਰਾਈਵਰ ਨੂੰ ਕਿਹਾ, ''ਸੌਰੀ, ਮੈਨੂੰ ਨਹੀਂ ਪਤਾ ਸੀ ਮੇਰੇ ਹੱਥ ਲਾਉਣ ਨਾਲ ਤੁਹਾਡਾ ਧਿਆਨ ਇਸ ਤਰ੍ਹਾਂ ਭਟਕ ਜਾਵੇਗਾ।"

ਟੈਕਸਾ ਡਰਾਈਵਰ, ''ਸਾਬ੍ਹ! ਤੁਹਾਡੀ ਗ਼ਲਤੀ ਨਹੀਂ। ਟੈਕਸੀ ਚਲਾਉਣ ਦਾ ਅੱਜ ਮੇਰਾ ਪਹਿਲਾਂ ਦਿਨ ਹੈ, ਪਿਛਲੇ 24 ਸਾਲਾਂ ਤੋਂ ਮੈਂ ਮੁਰਦੇ ਢੋਣ ਵਾਲੀ ਗੱਡੀ ਚਲਾਉਂਦਾ ਰਿਹਾ ਸੀ।"

******************

ਹਨੀ (ਮਨੀ ਨੂੰ), ''ਸੂਰਜ ਕਿਸ ਦਿਸ਼ਾ ਵਿੱਚ ਛਿਪਦਾ ਹੈ?"

ਮਨੀ, ''ਇਹ ਗੱਲ ਤਾਂ ਕੋਈ ਬੇਵਕੂਫ ਵੀ ਦੱਸ ਸਕਦਾ ਹੈ।"

ਹਨੀ, ''ਤਦ ਹੀ ਤਾਂ ਤੇਰੇ ਕੋਲੋਂ ਪੁੱਛਿਆ ਹੈ।"

******************

ਇੱਕ ਬਜ਼ੁਰਗ ਸੱਜਣ ਨੇ ਇੱਕ ਕੰਪਨੀ ਦੇ ਦਫ਼ਤਰ ਵਿੱਚ ਜਾ ਕੇ ਮੈਨੇਜਰ ਨੂੰ ਪੁੱਛਿਆ, ''ਤੁਹਾਡੇ ਦਫ਼ਤਰ ਵਿੱਚ ਮੇਰਾ ਲੜਕਾ ਕੰਮ ਕਰਦਾ ਹੈ, ਕੀ ਮੈਂ ਉਸ ਨੂੰ ਮਿਲ ਸਕਦਾ ਹਾਂ?"

ਮੈਨੇਜਰ ਨੇ ਬੜੀ ਗੌਰ ਨਾਲ ਉਸ ਬਜ਼ੁਰਗ ਸੱਜਣ ਨੂੰ ਦੇਖਿਆ ਤੇ ਬੋਲਿਆ, ''ਜੀ ਮੈਨੂੰ ਖੇਦ ਹੈ ਕਿ ਤੁਸੀਂ ਥੋੜ੍ਹਾ ਲੇਟ ਆਏ, ਤੁਹਾਡਾ ਅੰਤਿਮ ਸੰਸਕਾਰ ਕਰਨ ਲਈ ਛੁੱਟੀ ਲੈ ਕੇ ਥੋੜ੍ਹੀ ਦੇਰ ਪਹਿਲਾਂ ਗਿਆ ਹੈ।"

******************

ਟੈਕਸੀਵਾਲਾ, ''ਸਾਬ੍ਹ! ਬ੍ਰੇਕ ਫੇਲ ਹੋ ਗਈ ਹੈ, ਗੱਡੀ ਰੁਕ ਨਹੀਂ ਰਹੀ, ਕੀ ਕਰਾਂ?"

ਸਵਾਰੀ, ''ਓਹ ਭਰਾ! ਪਹਿਲਾਂ ਮੀਟਰ ਬੰਦ ਕਰ ਦੇ।"

******************

ਬੇਟਾ, ''ਮਾਂ, ਮੈਂ ਵੀ ਤਲਾਅ ਵਿੱਚ ਤੈਰਨਾ ਚਾਹੁੰਦਾ ਹਾਂ।"

ਮਾਂ, ''ਨਹੀਂ ਬੇਟਾ, ਡੁਬ ਜਾਵੇਗਾ।"

ਬੇਟਾ, ''ਪਿਤਾ ਜੀ ਵੀ ਇੱਕ ਘੰਟੇ ਤੋਂ ਤਲਾਅ ਵਿੱਚ ਹਨ, ਉਨ੍ਹਾਂ ਨੂੰ ਕਿਹੜਾ ਚੰਗੀ ਤਰ੍ਹਾਂ ਤਰਨਾ ਆਉਂਦਾ ਹੈ।"

ਮਾਂ, ''ਬੇਟਾ! ਤੇਰੇ ਪਿਤਾ ਜੀ ਦਾ ਤਾਂ ਬੀਮਾ ਹੋ ਚੁਕਿਆ ਹੈ।"

******************

ਪੱਪੂ (ਭਗਵਾਨ ਨੂੰ), ''ਤੁਹਾਡੀ ਕਿਰਪਾ ਨਾਲ ਮੈਨੂੰ ਰਾਹ ਵਿੱਚੋਂ 1000 ਰੁਪਏ ਮਿਲ ਜਾਣ ਤਾਂ ਮੈਂ ਪੰਜ ਸੌ ਰੁਪਏ ਪੱਕਾ ਤੁਹਾਡੇ ਚਰਨਾਂ ਵਿੱਚ ਚੜ੍ਹਾ ਦੇਵਾਂਗਾ।"

ਕੁਝ ਦੂਰ ਜਾਣ ਉੱਤੇ ਪੱਪੂ ਨੂੰ 500 ਰੁਪਏ ਦਾ ਨੋਟ ਮਿਲਿਆ...

ਪੱਪੂ, ''ਪ੍ਰਭੂ, ਤੁਹਾਨੂੰ ਮੇਰੇ ਉੱਤੇ ਇੰਨਾ ਵੀ ਭਰੋਸਾ ਨਹੀਂ ਸੀ, ਜੋ ਆਪਣਾ ਹਿੱਸਾ ਪਹਿਲਾਂ ਹੀ ਕੱਟ ਲਿਆ?"

******************

ਪਤਨੀ, ''ਆਪਣੀ ਗੁਆਂਢਣ ਸਵਿਤਾ ਨੂੰ ਉਸਦਾ ਪਤੀ ਹਰ ਮਹੀਨੇ ਘੁੰਮਾਉਣ ਲਈ ਲੈ ਕੇ ਜਾਂਦਾ ਹੈ, ਕੀ ਤੁਸੀਂ ਕਦੀ ਲੈ ਕੇ ਗਏ ਹੋ?''

ਪਤੀ, ''ਮੈਂਤਾਂ ਉਸ ਨੂੰ ਕਈ ਵਾਰ ਪੁੱਛਿਆ, ਪਰ ਉਹ ਹਮੇਸ਼ਾ ਮਨ੍ਹਾ ਕਰ ਦਿੰਦੀ ਹੈ।''

******************

ਚਾਰ ਲੜਕੇ ਬਾਈਕ ਉੱਤੇ ਬੈਠ ਕੇ ਜਾ ਰਹੇ ਸਨ ਤਾਂ ਪੁਲਸ ਵਾਲੇ ਨੇ ਰੋਕਿਆ, 'ਓਏ! ਤੁਹਾਨੂੰ ਪਤਾ ਨਹੀਂ ਹੈ ਕਿ ਬਾਈਕ ਉੱਤੇ ਤਿੰਨ ਲੋਕਾਂ ਤੋਂ ਵੱਧ ਦੀ ਸਵਾਰੀ ਬਿਠਾਉਣਾ ਮਨ੍ਹਾ ਹੈ ਤੇ ਤੁਸੀਂ ਚਾਰ ਜਣੇ ਬੈਠੇ ਹੋ?''ਸੁਣ ਕੇ ਬਾਈਕ ਚਲਾਉਣ ਵਾਲਾ ਪਿੱਛੇ ਦੇਖ ਕੇ ਹੈਰਾਨ ਹੋ ਕੇ ਬੋਲਿਆ, ''ਓਏ! ਬੇਵਕੂਫੋ, 5ਵਾਂ ਕਿੱਥੇ ਗਿਆ?''

******************

ਪਤਨੀ, ''ਤੁਸੀਂ ਮੈਨੂੰ ਮੇਰਾ ਨਾਂ ਲੈ ਕੇ ਬੁਲਾਉਂਦੇ ਹੋ, ਇਸ ਕਾਰਨ ਬੱਚੇ ਵੀ ਮੇਰਾ ਨਾਂ ਲੈ ਕੇ ਬੁਲਾਉਂਦੇ ਹਨ।''

ਪਤੀ, ''ਅੱਛਾ, ਕੱਲ੍ਹ ਤੋਂ ਮੈਂ ਤੈਨੂੰ ਮੰਮੀ ਕਹਿ ਕੇ ਬੁਲਾਵਾਂਗਾ।''

******************

ਮੈਡੀਕਲ ਕਾਲਜ ਦੇ ਇੱਕ ਫੇਫੜਾ ਮਾਹਰ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਦੱਸ ਰਹੇ ਸਨ, ''ਮੇਰੀ ਰਾਏ ਹੈ ਕਿ ਜੋ ਵਿਅਕਤੀ ਰੋਜ਼ ਦੋ ਘੰਟੇ ਉਚੀ ਤੋਂ ਉੱਚੀ ਆਵਾਜ਼ ਵਿੱਚ ਗਾਏਗਾ, ਉਸ ਨੂੰ ਬੁਢਾਪੇ ਵਿੱਚ ਛਾਤੀ ਦੀ ਕਿਸੇ ਤਰ੍ਹਾਂ ਦੀ ਤਕਲੀਫ ਦੀ ਸ਼ਿਕਾਇਤ ਨਹੀਂ ਹੋਵੇਗੀ।"

ਕਲਾਸ ਦੇ ਵਿਦਿਆਰਥੀ ਨੇ ਕਿਹਾ, ''ਸ਼ਾਇਦ ਉਸ ਨੂੰ ਬੁਢਾਪੇ ਦਾ ਮੂੰਹ ਵੀ ਨਹੀਂ ਦੇਖਣਾ ਪਵੇਗਾ।"

******************

ਮਾਲਕ, ''ਤੂੰ ਬਿਲਕੁਲ ਗਧਾ ਏਂ। ਉਸ ਔਰਤ ਨਾਲ ਇੰਨੇ ਰੁੱਖੇਪਣ ਨਾਲ ਪੇਸ਼ ਆਇਐਂ ਕਿ ਉਹ ਬਿਨਾਂ ਕੁਝ ਖਰੀਦੇ ਚਲੀ ਗਈ।"

ਸੇਲਜ਼ਮੈਨ, ''ਜੀ, ਬਹੁਤ ਚੰਗਾ ਹੋਇਆ।"

ਮਾਲਕ, ''ਕਿਉਂ?"

ਸੇਲਜ਼ਮੈਨ, ''ਉਹ ਮੇਰੀ ਪਤਨੀ ਸੀ।"

888

ਪ੍ਰਥਮ (ਮੈਥ ਦੇ ਟੀਚਰ ਨੂੰ), ''ਸਰ, ਹਿੰਦੀ ਵਾਲੇ ਟੀਚਰ ਹਿੰਦੀ ਵਿੱਚ ਬੋਲਦੇ ਹਨ ਤੇ ਅੰਗਰੇਜ਼ੀ ਵਾਲੇ ਅੰਗਰੇਜ਼ੀ ਵਿੱਚ, ਤੁਸੀਂ ਮੈਥ ਵਿੱਚ ਕਿਉਂ ਨਹੀਂ ਬੋਲਦੇ?"

ਟੀਚਰ, ''ਚੁਪ ਬੈਠ ਜਾ।

ਜ਼ਿਆਦਾ ਤਿੰਨ-ਪੰਜ ਕਰੇਂਗਾ ਤਾਂ ਕਲਾਸ ਤੋਂ ਨੌਂ-ਦੋ ਗਿਆਰਾਂ ਕਰ ਦਿਆਂਗਾ।"

******************

ਰੈਸਟੋਰੈਂਟ ਵਿੱਚੋਂ ਨਿਕਲਦੇ ਹੋਏ ਕ੍ਰਿਸ਼ਨ ਨੂੰ ਬਬਲੀ ਕਹਿਣ ਲੱਗੀ, ''ਰੈਸਟੋਰੈਂਟ ਵਿੱਚ ਸਭ ਦੀਆਂ ਨਜ਼ਰਾਂ ਮੇਰੇ ਵੱਲ ਸਨ।"

ਕ੍ਰਿਸ਼ਨ, ''ਕਿਉਂ ਨਹੀਂ, ਤੂੰ ਉਨ੍ਹਾਂ ਕੁੰਡੀਆਂ ਦੇ ਹੇਠਾਂ ਬੈਠੀ ਸੀ, ਜਿੱਥੇ ਉਨ੍ਹਾਂ ਦੇ ਹੈਟ ਅਤੇ ਕੋਟ ਟੰਗੇ ਸਨ।"

******************

ਵਿਆਹ ਦੇ ਮੌਕੇ ਜਦ ਲਾੜਾ ਲਾੜੀ ਦੀ ਮਾਂਗ ਵਿੱਚ ਸੰਧੂਰ ਭਰਨ ਲੱਗਾ ਤਾਂ ਇੱਕ ਜਣਾ ਬੋਲਿਆ, ''ਇਹ ਰਸਮ ਉਲਟੀ ਹੋਣੀ ਚਾਹੀਦੀ ਹੈ, ਯਾਨੀ ਲਾੜੀ ਲਾੜੇ ਦੀ ਮਾਂਗ ਵਿੱਚ ਸੰਧੂਰ ਭਰੇ।"


ਦੂਸਰਾ ਬੋਲਿਆ, ''ਜੇ ਅਜਿਹਾ ਹੋ ਜਾਏ ਤਾਂ ਦੁਨੀਆ ਦੇ ਸਾਰੇ ਗੰਜੇ ਕੁਆਰੇ ਰਹਿ ਜਾਣਗੇ।"

******************

ਪਤਨੀ (ਪਤੀ ਨੂੰ), ''ਜਦੋਂ ਮੈਂ ਤੁਹਾਡੇ ਕੋਲ ਆਉਂਦੀ ਹਾਂ, ਤੁਸੀਂ ਨਜ਼ਰ ਦੀ ਐਨਕ ਕਿਉਂ ਲਾਉਂਦੇ ਹੋ?"

ਪਤੀ, ''ਡਾਕਟਰ ਨੇ ਕਿਹਾ ਹੈ ਕਿ ਜਦੋਂ ਸਿਰਦਰਦ ਮਹਿਸੂਸ ਹੋਵੇ ਤਾਂ ਐਨਕ ਲਗਾਇਆ ਕਰ।

******************

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits


604.543.3886
SINGH THIND & ASSOCIATES
BARRISTERS & SOLICITORS

(ਸਫਾ ਬੀ24 ਦੀ ਬਾਕੀ)

ਤੋਂ ਪੈਦਾ ਹੁੰਦਾ ਹੈ। ਤੇਜ਼ ਤਰਾਰ ਭਾਜਪਾ ਆਗੂ ਅਤੇ ਆਰਐੱਸਐੱਸ ਦੇ ਸਰਗਰਮ ਮੈਂਬਰ ਵਿਨੈ ਕਟਿਆਰ ਨੇ ਇੱਕ ਵਾਰ ਕਿਹਾ ਸੀ, ‘’ਮੁਸਲਮਾਨਾਂ ਨੂੰ ਭਾਰਤ ਵਿੱਚ ਨਹੀਂ ਰਹਿਣਾ ਚਾਹੀਦਾ। ਆਬਾਦੀ ਦੇ ਆਧਾਰ ‘ਤੇ ਉਨ੍ਹਾਂ ਨੇ ਦੇਸ਼ ਦੀ ਵੰਡ ਕੀਤੀ ਸੀ। ਤਾਂ ਉਹ ਇੱਥੇ ਕਿਉਂ ਹਨ? ਉਨ੍ਹਾਂ ਨੂੰ ਉਨ੍ਹਾਂ ਦਾ ਹਿੱਸਾ ਦਿੱਤਾ ਜਾ ਚੁੱਕਾ ਹੈ। ਉਹ ਬੰਗਲਾਦੇਸ਼ ਚਲੇ ਜਾਣ ਜਾਂ ਪਾਕਿਸਤਾਨ। ਉਨ੍ਹਾਂ ਨੂੰ ਭਾਰਤ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ।‘’ਜ਼ਮੀਨੀ ਸੱਚਾਈ ਇਹ ਹੈ ਕਿ ਜੇਕਰ ਤੁਸੀਂ ਮੁਸਲਮਾਨਾਂ ਦੇ ਇੱਕ ਸਮੂਹ ਵਿੱਚ ਬੈਠੋਗੇ ਤਾਂ ਉਨ੍ਹਾਂ ਦੇ ਅੰਦਰ, ਇੱਕ ਹਿੰਦੂ ਰਾਸ਼ਟਰ ਵਿੱਚ ਰਹਿਣ ਦਾ ਅਟੱਲ ਅਹਿਸਾਸ ਤੁਹਾਨੂੰ ਹੋ ਜਾਵੇਗਾ।ਉਹ 15ਵੀਂ ਸਦੀ ਦੇ ਸਪੇਨ ਦੇ ਇਤਿਹਾਸ ਨੂੰ ਯਾਦ ਕਰਦੇ ਹਨ, ਜਦੋਂ 800 ਸਾਲ ਤੱਕ ਸਪੇਨ ‘ਤੇ ਰਾਜ ਕਰਨ ਵਾਲੇ ਮੁਸਲਮਾਨਾਂ ਨੂੰ ਕੈਥੋਲਿਕ ਫੌਜਾਂ ਨੇ ਹਰਾ ਦਿੱਤਾ ਸੀ ਅਤੇ ਦੋ ਬਦਲ ਦਿੱਤੇ ਸਨ, ਜਾਂ ਤਾਂ ਦੇਸ਼ ਛੱਡ ਕੇ ਚਲੇ ਜਾਓ ਜਾਂ ਈਸਾਈ ਬਣ ਜਾਵੋ, ਜਿਨ੍ਹਾਂ ਨੇ ਧਰਮ ਬਦਲਣ ਤੋਂ ਮਨ੍ਹਾ ਕੀਤਾ, ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਗਿਆ।

ਪਰ ਪ੍ਰੋਫ਼ੈਸਰ ਜੈਫਰੇਲੋ ਇਹ ਨਹੀਂ ਮੰਨਦੇ ਹਨ ਕਿ ਉਸ ਕਿਸਮ ਦਾ ਵਿਨਾਸ਼, ਭਾਰਤ ਵਿੱਚ ਸੰਭਵ ਹੋਵੇਗਾ, ਹਾਲਾਂਕਿ ‘ਘਰ ਵਾਪਸੀ’ ਦਾ ਦੌਰ ਪਹਿਲਾਂ ਤੋਂ ਚਾਲੂ ਹੈ।

ਉਹ ਕਹਿੰਦੇ ਹਨ, ‘’ਮੁਸਲਮਾਨਾਂ ਨੂੰ ਤਬਾਹ ਕਰਨਾ ਸਪੱਸ਼ਟ ਰੂਪ ਨਾਲ ਕਿਸੇ ਦੇ ਵੀ ਏਜੰਡੇ ਵਿੱਚ ਨਹੀਂ ਹੈ। ਇਹ ਵਿਵਹਾਰਕ ਹੋ ਵੀ ਨਹੀਂ ਸਕਦਾ। ਲਿਹਾਜ਼ਾ ਵਿਵਹਾਰਕ ਟੀਚਾ ਹੈ ਮੁਸਲਮਾਨਾਂ ਨੂੰ ਅਦ੍ਰਿਸ਼ ਕਰ ਦੇਣਾ, ਜਾਂ ਤਾਂ ਵਾਪਸ ਉਨ੍ਹਾਂ ਦਾ ਧਰਮ ਬਦਲ ਕੇ ਜਾਂ ਉਨ੍ਹਾਂ ਨੂੰ ‘ਘੇਟੋ’(ਘੇਟੋ ਅਜਿਹੇ ਇਲਾਕੇ ਜਾਂ ਬਸਤੀ ਲਈ ਵਰਤਿਆ ਜਾਂਦਾ ਹੈ, ਜਿਸ ਵਿੱਚ ਮੁੱਖ ਰੂਪ ਨਾਲ ਇੱਕ ਹੀ ਭਾਈਚਾਰੇ ਦੇ ਲੋਕ ਰਹਿੰਦੇ ਹਨ) ਵਿੱਚ ਰੱਖ ਕੇ। ਇਹ ਪ੍ਰਕਿਰਿਆ ਤਾਂ ਚੱਲ ਹੀ ਰਹੀ ਹੈ, ਨਿਸ਼ਚਤ ਰੂਪ ਨਾਲ ਕੁਝ ਸ਼ਹਿਰਾਂ ਵਿੱਚ।‘’

ਫਰਾਂਸੀਸੀ ਪ੍ਰੋਫ਼ੈਸਰ ਜੈਫਰਲੋ ਦੀ ਦਲੀਲ ਹੈ ਕਿ ਜੇਕਰ ਮੁਸਲਮਾਨ, ਆਪਣਾ ਧਰਮ ਕਾਇਮ ਰੱਖਦੇ ਹਨ ਜਾਂ ਈਸਾਈ, ਈਸਾਈ ਬਣੇ ਰਹਿੰਦੇ ਹਨ ਤਾਂ ਜਨਤਕ ਖੇਤਰ ਵਿੱਚ ਉਹ ਖਤਰਾ ਮੁੱਲ ਲੈਂਦੇ ਹਨ।‘’ਤਾਂ, ਜੇਕਰ ਉਹ ਸਮਰਪਣ ਕਰ ਦੇਣ, ਆਪਣੀ ਪਛਾਣ ਛੱਡ ਦੇਣ, ਮੁਸਲਮਾਨ ਦੇ ਤੌਰ ‘ਤੇ ਆਪਣਾ ਜਨਤਕ ਪ੍ਰਦਰਸ਼ਨ ਛੱਡ ਦੇਣ ਤਾਂ ਉਨ੍ਹਾਂ ਕੋਲ ਡਰਨ ਦੀ ਕੋਈ ਵਜ੍ਹਾ ਨਹੀਂ ਹੋਵੇਗੀ। ਉਹ ਦੂਜੇ ਦਰਜੇ ਦੇ ਨਾਗਰਿਕ ਦੇ ਤੌਰ ‘ਤੇ ਰਹਿਣ ਨੂੰ ਮਜਬੂਰ ਹੋਣਗੇ, ਸਿੱਖਿਆ ਅਤੇ ਰੁਜ਼ਗਾਰ ਵਿੱਚ ਹਿੰਦੂਆਂ ਨਾਲ ਮੁਕਾਬਲਾ ਕਰਨ ਵਿੱਚ ਸਮਰੱਥ ਨਹੀਂ ਰਹਿ ਸਕਣਗੇ।‘’

ਪ੍ਰੋਫ਼ੈਸਰ ਜੈਫਰੇਲੋਟ ਅੱਗੇ ਕਹਿੰਦੇ ਹਨ, ‘’ਜੇਕਰ ਹਿੰਦੂ ਰਾਸ਼ਟਰ ਦੀ ਸਥਾਪਨਾ ਤੋਂ ਤੁਹਾਡਾ ਭਾਵ ਘੱਟਗਿਣਤੀਆਂ ਨੂੰ ਅਸਲ ਵਿੱਚ ਦੂਜੇ ਦਰਜੇ ਦਾ ਨਾਗਰਿਕ ਬਣਾ ਦੇਣਾ ਹੈ, ਫਿਰ ਇਹ ਸਾਰੀਆਂ ਲਹਿਰਾਂ ਬੇਸ਼ੱਕ ਸਮਝ ਵਿੱਚ ਆਉਂਦੀਆਂ ਹਨ ਕਿਉਂਕਿ ਉਨ੍ਹਾਂ ਜ਼ਰੀਏ ਤੁਸੀਂ ਉਨ੍ਹਾਂ ਨੂੰ ਇੰਨਾ ਬੇਸਹਾਰਾ ਬਣਾ ਦਿੰਦੇ ਹੋ ਕਿ ਉਨ੍ਹਾਂ ਨੂੰ ਆਪਣੇ ਇਲਾਕਿਆਂ ਤੋਂ ਬਾਹਰ ਨਿਕਲਣ ਵਿੱਚ ਡਰ ਲੱਗੇਗਾ, ਆਂਢ-ਗੁਆਂਢ ਵਿੱਚ ਜਾਣ ਵਿੱਚ ਡਰ ਲੱਗੇਗਾ।‘’

‘’ਉਹ ਸਿੱਖਿਆ ਛੱਡ ਦੇਣਗੇ, ਨੌਕਰੀ ਮਾਰਕੀਟ ਤੋਂ ਦੂਰ ਹੋ ਜਾਣਗੇ, ਹਾਊਸਿੰਗ ਮਾਰਕੀਟ ਤੋਂ ਦੂਰ ਹੋ ਜਾਣਗੇ ਅਤੇ ਇੱਕ ਲਿਹਾਜ਼ ਨਾਲ ਤੁਸੀਂ ਸੱਚਮੁੱਚ ਇੱਕ ਹਿੰਦੂ ਰਾਸ਼ਟਰ ਵਿੱਚ ਹੋਵੋਗੇ।‘’ਪਰ ਉਹ ਇਹ ਵੀ ਕਹਿੰਦੇ ਹਨ ਕਿ ਭਾਜਪਾ ਨੂੰ ਮੁਸਲਮਾਨਾਂ ਦੀ ਜ਼ਰੂਰਤ ਹੈ। ਸੰਘ ਪਰਿਵਾਰ ਨੂੰ ਬਹੁਗਿਣਤੀ ਤੋਂ ਵੱਖਰੇ ਦਿਖਣ ਵਾਲੇ ‘ਦੂਜੇ’ ਦੀ ਜ਼ਰੂਰਤ ਹੈ। ਉਹ ‘ਦੂਜੇ’ ਮੁਸਲਮਾਨ ਹਨ। ਉਹ ਹਾਰਿਆ ਹੋਇਆ ਹੋ ਸਕਦਾ ਹੈ, ਪਰ ਉਸ ਨੂੰ ਬਹੁਗਿਣਤੀ ਭਾਈਚਾਰੇ ‘ਤੇ ਮੰਡਰਾਉਂਦੇ ਖਤਰੇ ਦੀ ਤਰ੍ਹਾਂ ਦਿਖਦੇ ਰਹਿਣਾ ਚਾਹੀਦਾ ਹੈ।‘’

ਪ੍ਰੋਫ਼ੈਸਰ ਅਗਰਵਾਲ ਸਹਿਮਤ ਹਨ। ਫਿਰ ਵੀ, ਉਨ੍ਹਾਂ ਦਾ ਦਾਅਵਾ ਹੈ, ‘’ਹਿੰਦੂਤਵੀ ਸ਼ਕਤੀਆਂ ਨੂੰ ਕਥਿਤ ਕੱਟੜਪੰਥੀ ਮੁਸਲਮਾਨ ਆਗੂਆਂ ਤੋਂ ਮਦਦ ਮਿਲ ਰਹੀ ਹੈ, ਜੋ ਉਂਝ ਤਾਂ ਹਿੰਦੂਤਵੀ ਸ਼ਕਤੀਆਂ ਦਾ ਵਿਰੋਧ ਕਰਦੇ ਪ੍ਰਤੀਤ ਹੁੰਦੇ ਹਨ, ਪਰ ਜੇਕਰ ਉਹ ਨਿਰਪੱਖਤਾ ਨਾਲ ਦੇਖਣ ਤਾਂ ਉਹ ਅਸਲ ਵਿੱਚ ਉਨ੍ਹਾਂ ਦੀ ਮਦਦ ਕਰ ਰਹੇ ਹਨ।ਰਾਕੇਸ਼ ਸਿਨਹਾ ਕਹਿੰਦੇ ਹਨ ਕਿ ਮੋਦੀ ਸਰਕਾਰ ਦੀਆਂ ਅਣਗਿਣਤ ਸਕੀਮਾਂ ਤੋਂ ਮੁਸਲਮਾਨਾਂ ਸਮੇਤ ਸਾਰੇ ਭਾਈਚਾਰਿਆਂ ਨੂੰ ਫਾਇਦਾ ਹੋ ਰਿਹਾ ਹੈ। ਇਨ੍ਹਾਂ ਸਰਕਾਰੀ ਯੋਜਨਾਵਾਂ ਵਿੱਚ ਕੋਈ ਭੇਦਭਾਵ ਨਹੀਂ ਹੈ।ਕਪਿਲ ਮਿਸ਼ਰਾ ਇਸ ਨਜ਼ਰੀਏ ਨੂੰ ਖਾਰਜ ਕਰਦੇ ਹਨ ਕਿ ਸੰਘ ਪਰਿਵਾਰ ਇੱਕ ਹਿੰਦੂ ਬਹੁਗਿਣਤੀ ਸ਼ਾਸਨ ਲਿਆਉਣ ‘ਤੇ ਉਤਾਰੂ ਹੈ।ਉਨ੍ਹਾਂ ਦਾ ਦਾਅਵਾ ਹੈ ਕਿ ਹਿੰਦੂ ਬਹੁਗਿਣਤੀ ਹਿੰਦੂ ਸਮਾਜ ਭਾਰਤ ਵਿੱਚ ਸਭ ਤੋਂ ਜ਼ਿਆਦਾ ਸਹਿਣਸ਼ੀਲ ਅਤੇ ਸੈਕੂਲਰ ਹੈ।‘’ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਨੂੰ ਦੇਖੋ, ਉੱਥੇ ਹਿੰਦੂ ਬਹੁਗਿਣਤੀ ਨਹੀਂ ਹਨ, ਇਸ ਲਈ ਉਹ ਸਹਿਣਸ਼ੀਲ ਅਤੇ ਸੈਕੂਲਰ ਨਹੀਂ ਹਨ।‘’‘’ਇਸ ਲਈ ਮੈਨੂੰ ਲੱਗਦਾ ਹੈ ਕਿ ਚਿੰਤਾ ਇਸ ਗੱਲ ਦੀ ਹੋਣੀ ਚਾਹੀਦੀ ਹੈ ਕਿ ਹਿੰਦੂ ਬਹੁਗਿਣਤੀਆਂ ਦਾ ਜ਼ਰਾ ਵੀ ਨੁਕਸਾਨ ਨਾ ਹੋਵੇ। ਉਨ੍ਹਾਂ ਦੀ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ।‘’ਪ੍ਰੋਫ਼ੈਸਰ ਸਿਨਹਾ ਵੀ ਇਸ ਗੱਲ ‘ਤੇ ਜ਼ੋਰ ਦਿੰਦੇ ਹਨ ਕਿ ਭਾਰਤੀ ਸੰਵਿਧਾਨ ਦੀ ਧਰਮਨਿਰਪੱਖਤਾ ਦਾ ਜ਼ਿਆਦਾ ਸਿਹਰਾ ਹਿੰਦੂ ਬਹੁਗਿਣਤੀ ਆਬਾਦੀ ਦੇ ਸਹਿਣਸ਼ੀਲ ਸੁਭਾਅ ਨੂੰ ਜਾਂਦਾ ਹੈ।‘ਪ੍ਰੋਫ਼ੈਸਰ ਸਿਨਹਾ ਭਾਰਤ ਨੂੰ ਇੱਕ ਗੈਰ-ਧਰਮ ਸ਼ਾਸਿਤ ‘ਰਾਸ਼ਟਰ’ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਨ, ਭਾਰਤੀ ਸੰਵਿਧਾਨ ਦੇ ਧਰਮ ਨਿਰਪੱਖ ਚਰਿੱਤਰ ਵਿੱਚ ਕੋਈ ਤਬਦੀਲੀ ਵੀ ਉਹ ਨਹੀਂ ਚਾਹੁੰਦੇ।

ਪ੍ਰੋਫ਼ੈਸਰ ਪ੍ਰਸ਼ੋਤਮ ਅਗਰਵਾਲ ਪੁਖਤਾ ਤੌਰ ‘ਤੇ ਮੰਨਦੇ ਹਨ ਕਿ ਜਦੋਂ ਤੱਕ ਮੌਜੂਦਾ ਸੰਵਿਧਾਨ ਹੋਂਦ ਵਿੱਚ ਹੈ, ਭਾਰਤ ਇੱਕ ‘ਹਿੰਦੂ ਰਾਸ਼ਟਰ’ ਨਹੀਂ ਹੋ ਸਕਦਾ ਹੈ।ਪਰ ਸੰਸਦ ਵਿੱਚ ਭਾਜਪਾ ਦਾ ਬਹੁਮਤ ਦੇਖਦੇ ਹੋਏ ਉਹ ਮੰਨਦੇ ਹਨ ਕਿ ਸੰਵਿਧਾਨ ਦੀ ਸ਼ਕਲ ਸੂਰਤ ਪੂਰੀ ਤਰ੍ਹਾਂ ਬਦਲੀ ਜਾ ਸਕਦੀ ਹੈ।ਪ੍ਰੋਫ਼ੈਸਰ ਅਗਰਵਾਲ ਉਸ ਰਾਸ਼ਟਰੀ ਕਮਿਸ਼ਨ ਦੀ ਯਾਦ ਦਿਵਾਉਂਦੇ ਹਨ, ਜੋ ਸੰਵਿਧਾਨ ਦੀ ਕਾਰਜ ਪ੍ਰਣਾਲੀ ਦੀ ਸਮੀਖਿਆ ਲਈ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਦੇ ਕਾਰਜਕਾਲ ਵਿੱਚ ਬਣਾਇਆ ਗਿਆ ਸੀ।ਸਾਬਕਾ ਚੀਫ਼ ਜਸਟਿਸ ਐੱਮਐੱਨ ਵੈਂਕਟਚਲੈਯਾ ਉਸ ਕਮਿਸ਼ਨ ਦੇ ਪ੍ਰਮੁੱਖ ਸਨ। ਉਸ ਦੇ ਗਠਨ ਨਾਲ ਸਿਆਸੀ ਤੂਫ਼ਾਨ ਖੜ੍ਹਾ ਹੋ ਗਿਆ ਅਤੇ ਕਮਿਸ਼ਨ ਦੀਆਂ ਸਿਫਾਰਸ਼ਾਂ ਕਦੇ ਲਾਗੂ ਨਹੀਂ ਕੀਤੀਆਂ ਗਈਆਂ।ਪ੍ਰੋਫ਼ੈਸਰ ਜੈਫਰੇਲੋ ਕਹਿੰਦੇ ਹਨ ਕਿ ਆਰਐੱਸਐੱਸ ਹਿੰਦੂ ਰਾਸ਼ਟਰ ਚਾਹੁੰਦਾ ਹੈ, ਹਿੰਦੂ ਰਾਜ ਨਹੀਂ।

**ਸੜਕਾਂ ਤੋਂ ਲੈ ਕੇ ਸੋਸ਼ਲ ਮੀਡੀਆ ਪਲੈਟਫਾਰਮ ਤੱਕ ਨਫ਼ਰਤ ਦਾ ਰਾਜ**

ਕਈ ਮਾਹਰ ਕਹਿੰਦੇ ਹਨ ਕਿ ਨਵੇਂ ਭਾਰਤ ਵਿੱਚ ਸੜਕਾਂ ਤੋਂ ਲੈ ਕੇ ਸੋਸ਼ਲ ਮੀਡੀਆ ਪਲੈਟਫਾਰਮ ਤੱਕ ਨਫ਼ਰਤ ਦਾ ਰਾਜ ਹੈ।ਉਨ੍ਹਾਂ ਦੇ ਮੁਤਾਬਿਕ ‘ਹਿੰਦੂ ਰਾਸ਼ਟਰ’ ਦਾ ਅਰਥ ਹੈ, ਇੱਕ ਹਿੰਦੂ ਦੇਸ਼ ਜਿਸ ਦਾ ਅਧਿਕਾਰਤ ਧਰਮ ਹਿੰਦੂ ਹੋਵੇ, ਪਰ ਉਨ੍ਹਾਂ ਮੁਤਾਬਿਕ ਆਰਐੱਸਐੱਸ ਲਈ ਇਹ ‘ਵਿਅਰਥ’ ਹੈ।‘’ਜੇਕਰ ਤੁਹਾਡੇ ਕੋਲ ਹਿੰਦੂ ਰਾਸ਼ਟਰ ਹੈ (ਹਿੰਦੂ ਰਾਜ ਨਹੀਂ) ਅਤੇ ਜੇਕਰ ਸਮਾਜ ਵਿੱਚ ‘ਸੱਜੇਪੱਖੀ’ ਸੁਧਾਰ ਕਾਮਯਾਬ ਹੋ ਚੁੱਕੇ ਹੋਣ ਤਾਂ ਤੁਹਾਨੂੰ ਰਾਜ ਦੇ ਵੱਡੇ ਢਾਂਚੇ ਨੂੰ ਬਦਲਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਸਰਕਾਰ ਵਿੱਚ ਬੈਠੇ ਲੋਕ ਆਰਐੱਸਐੱਸ ਦੇ ਨਜ਼ਰੀਏ ਦੀ ਹੀ ਨੁਮਾਇੰਦਗੀ ਕਰਨਗੇ।‘’ਜਾਣਕਾਰ ਕਹਿੰਦੇ ਹਨ ਕਿ ਇਤਿਹਾਸਕ ਰੂਪ ਨਾਲ ਆਰਐੱਸਐੱਸ ਨੂੰ ਸੱਤਾ ‘ਤੇ ਕਬਜ਼ੇ ਦਾ ਮੋਹ ਨਹੀਂ ਰਿਹਾ ਹੈ।

ਪ੍ਰੋਫ਼ੈਸਰ ਜੈਫਰੇਲੋ ਕਹਿੰਦੇ ਹਨ, ‘’ਉਨ੍ਹਾਂ ਦੀ ਤਰਜੀਹ ਸਮਾਜ ਹੈ, ਰਾਜ ਨਹੀਂ।‘’ਕੁਝ ਸਮਾਂ ਪਹਿਲਾਂ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਮੁਰਾਦਾਬਾਦ ਵਿੱਚ ਸੰਘ ਦੇ 4,000 ਸਵੈਮ ਸੇਵਕਾਂ ਦੀ ਰੈਲੀ ਨੂੰ ਸੰਬੋਧਨ ਕੀਤਾ ਸੀ।ਉਨ੍ਹਾਂ ਕਿਹਾ ਸੀ, ‘’ਅਸੀਂ ਲੋਕ ਚੋਣ ਰਾਜਨੀਤੀ ਵਿੱਚ ਨਹੀਂ ਹਾਂ, ਚੋਣਾਂ ਦਾ ਸਾਡੇ ਲਈ ਕੋਈ ਅਰਥ ਨਹੀਂ। ਅਸੀਂ ਲੋਕ ਤਾਂ ਬਸ ਖੁਸ਼ਹਾਲ ਨੈਤਿਕ ਅਤੇ ਸੱਭਿਆਚਾਰਕ ਵਿਰਾਸਤ ਵਾਲੀਆਂ ਭਾਰਤੀ ਕਦਰਾਂ ਕੀਮਤਾਂ ਦੀ ਸਿੱਖਿਆ ਦਿੰਦੇ ਆ ਰਹੇ ਹਾਂ।‘’ਪਰ ਪ੍ਰੋਫ਼ੈਸਰ ਜੈਫਰੇਲੋ ਇਹ ਵੀ ਦੱਸਦੇ ਹਨ ਕਿ ਆਰਐੱਸਐੱਸ ਲਈ ਆਪਣੀ ਰੁਚੀ ਦੇ ਕੁਝ ਖੇਤਰਾਂ ਵਿੱਚ ਰਾਜ ਦੀ ਮਦਦ ਉਪਯੋਗੀ ਵੀ ਸਾਬਿਤ ਹੋਈ ਹੈ, ਜਿਵੇਂ ਕਿ ਨਿਗਰਾਨੀ ਦਸਤਿਆਂ ਦੀ ਵਰਤੋਂ ਹੋਵੇ, ‘ਲਵ ਜੇਹਾਦ’ ਅਤੇ ਗਾਂ ਸੁਰੱਖਿਆ ਵਰਗੇ ਮੁੱਦੇ ਹੋਣ।ਉਹ ਮੰਨਦੇ ਹਨ ਕਿ ਸਿੱਖਿਆ ਇੱਕ ਹੋਰ ਅਜਿਹਾ ਖੇਤਰ ਹੈ, ਜਿੱਥੇ ‘ਰਾਜ’ ਆਰਐੱਸਐੱਸ ਦੇ ਸਮਾਜਿਕ ਏਜੰਡੇ ਲਈ ਉਪਯੋਗੀ ਹੋ ਸਕਦਾ ਹੈ।ਉਹ ਕਹਿੰਦੇ ਹਨ, ‘’ਸੰਘ ਸਕੂਲਾਂ ਵਿੱਚ ਵੀ ਇਹੀ ਪੜ੍ਹਾਉਣਾ ਚਾਹੁੰਦਾ ਹੈ, ਜੋ ਉਹ ਆਪਣੀਆਂ ਸ਼ਾਖਾਵਾਂ ਵਿੱਚ ਪੜ੍ਹਾਉਂਦਾ ਹੈ। ‘’ਸੀਨੀਅਰ ਪੱਤਰਕਾਰ ਅਤੇ ਆਰਐੱਸਐੱਸ ਦੇ ਇੱਕ ਨਜ਼ਦੀਕੀ ਜਾਣਕਾਰ ਸ਼੍ਰੀਧਰ ਦਾਮਲੇ ਵੀ ਮੰਨਦੇ ਹਨ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਬਣੇਗਾ ਨਾ ਕਿ ਇੱਕ ਹਿੰਦੂ ਰਾਜ।

ਉਹ ਕਹਿੰਦੇ ਹਨ ਕਿ ਸੰਘ ਦੇ ਸ਼ੁਰੂਆਤੀ ਦਿਨਾਂ ਵਿੱਚ ਉਸ ਕੋਲ ਤਿੰਨ ਮੁਸਲਿਮ ਪ੍ਰਚਾਰਕ ਹੁੰਦੇ ਸਨ ਅਤੇ ਮੁਸਲਮਾਨਾਂ ਨਾਲ ਮੇਲ ਜੋਲ ਵਧਾਉਣ ਦਾ ਉਸ ਦਾ ਇੱਕ ਪ੍ਰੋਗਰਾਮ ਵੀ ਰਿਹਾ ਹੈ।ਹਿੰਦੂ ਜਨਜਾਗ੍ਰਿਤੀ ਸਮਿਤੀ ਦੇ ਰਮੇਸ਼ ਸ਼ਿੰਦੇ ਸਪੱਸ਼ਟ ਤੌਰ ‘ਤੇ ਕਹਿੰਦੇ ਹਨ, ‘’ਅਸੀਂ ਲੋਕ ਹਿੰਦੂ ਰਾਸ਼ਟਰ ਦੀ ਮੰਗ ਕਰ ਰਹੇ ਹਾਂ। ਰਾਜ ਵਿੱਚ ਇੱਕ ਰਾਜ ਦਾ ਢਾਂਚਾ ਅਤੇ ਸੰਵਿਧਾਨ ਆਉਂਦਾ ਹੈ। ਪਰ ਰਾਸ਼ਟਰ ਵਿੱਚ ਦੇਸ਼ ਦਾ ਸੱਭਿਆਚਾਰ, ਉਸ ਦੀ ਪਰੰਪਰਾ, ਉਸ ਦੀ ਵਿਰਾਸਤ, ਉਸ ਦਾ ਇਤਿਹਾਸ, ਉਸ ਦੇ ਪਵਿੱਤਰ ਗ੍ਰੰਥ ਸ਼ਾਮਲ ਹੁੰਦੇ ਹਨ।‘’ਖੱਬੀ ਵਿਚਾਰਧਾਰਾ ਵਾਲੇ ਸਿਆਸਤਦਾਨਾਂ ਅਤੇ ਮੁਸਲਮਾਨ ਨੇਤਾਵਾਂ ‘ਤੇ ਉਹ ਹਿੰਦੂ ਰਾਸ਼ਟਰ ਬਾਰੇ ਝੂਠ ਫੈਲਾਉਣ ਦਾ ਦੋਸ਼ ਲਗਾਉਂਦੇ ਹਨ।‘’ਉਹ ਇਹ ਧਾਰਨਾ ਫੈਲਾ ਰਹੇ ਹਨ ਕਿ ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਅਗਲੇ ਦਿਨ ਤੋਂ ਬਹੁਤ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਣਗੀਆਂ।‘’

ਪ੍ਰੋਫ਼ੈਸਰ ਰਾਕੇਸ਼ ਸਿਨਹਾ ਕਹਿੰਦੇ ਹਨ ਕਿ ਭਾਰਤ ਹਮੇਸ਼ਾ ਤੋਂ ਇੱਕ ਹਿੰਦੂ ਰਾਸ਼ਟਰ ਰਿਹਾ ਹੈ।ਹਿੰਦੂ ਰਾਸ਼ਟਰ ਦੀ ਟਾਈਮਲਾਈਨ ਨੂੰ ਲੈ ਕੇ ਕੋਈ ਸਪੱਸ਼ਟਤਾ ਨਹੀਂ ਹੈ, ਪਰ ਉਸ ਦੇ ਸਮਰਥਕਾਂ ਨੂੰ ਲੱਗਦਾ ਹੈ ਕਿ ‘ਅਸੀਂ ਲੋਕ ਟਰਾਂਜਿਸ਼ਨ ਫੇਜ਼ (ਬਦਲਾਅ ਦਾ ਦੌਰ) ਵਿੱਚ ਹਾਂ।‘’ਭਾਜਪਾ ਦੇ ਕਪਿਲ ਮਿਸ਼ਰਾ ਦਾ ਦਾਅਵਾ ਹੈ ਕਿ ਉੱਤਰ ਪ੍ਰਦੇਸ਼ ਇੱਕ ਆਦਰਸ਼ ਰਾਜ ਬਣ ਹੀ ਚੁੱਕਿਆ ਹੈ। ਇੱਕ ‘ਹਿੰਦੂ ਰਾਸ਼ਟਰ’ ਕਿਵੇਂ ਦਾ ਹੋਣਾ ਚਾਹੀਦਾ ਹੈ, ਉਸ ਦੀ ਇੱਕ ਝਲਕ ਦਿਖਾਉਂਦਾ ਹੈ।

ਉਹ ਕਹਿੰਦੇ ਹਨ, ‘’ਉੱਤਰ ਪ੍ਰਦੇਸ਼ ਧਰਮ ਨਿਰਪੱਖਤਾ, ਸਹਿਣਸ਼ੀਲਤਾ ਅਤੇ ਧਾਰਮਿਕ ਸਮਾਨਤਾ


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

ਦਾ ਇੱਕ ਨਮੂਨਾ ਹੈ। ਰਾਮਨੌਮੀਂ 'ਤੇ ਜਦੋਂ ਇੱਧਰ-ਉੱਧਰ ਪੱਥਰ ਮਾਰੇ ਜਾ ਰਹੇ ਸਨ, ਉੱਥੇ ਯੂਪੀ ਵਿੱਚ ਫੁੱਲ ਬਰਸਾਏ ਜਾ ਰਹੇ ਸਨ। ਦੂਜੀਆਂ ਥਾਵਾਂ 'ਤੇ ਪੈਟਰੋਲ ਬੰਬ ਦਾਗੇ ਜਾ ਰਹੇ ਸਨ, ਪਰ ਯੂਪੀ ਵਿੱਚ ਸ਼ਰਬਤ ਵੰਡਿਆ ਜਾ ਰਿਹਾ ਸੀ।''

''ਯੂਪੀ ਵਿੱਚ ਸਾਰੇ ਭਾਈਚਾਰਿਆਂ ਨੇ ਸਵੈਇੱਛਾ ਨਾਲ ਲਾਊਡ ਸਪੀਕਰ ਕੱਢ ਦਿੱਤੇ ਸਨ। ਸਮੁੱਚਾ ਸਮਾਜ ਕਾਨੂੰਨ ਦਾ ਪਾਲਣ ਕਰਦਾ ਹੈ। ਉੱਤਰ ਪ੍ਰਦੇਸ਼ ਪੂਰੇ ਦੇਸ਼ ਵਿੱਚ ਸ਼ਾਸਨ ਦਾ ਇੱਕ ਚਮਕਦਾ ਉਦਾਹਰਨ ਹੈ।''

ਪਰ ਹਿੰਦੂਤਵੀ ਆਗੂ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਰਤ ਨੂੰ ਹਿੰਦੂ ਰਾਸ਼ਟਰ ਦੇ ਰੂਪ ਵਿੱਚ ਸਵੀਕਾਰ ਕੀਤੇ ਜਾਣ ਤੋਂ ਪਹਿਲਾਂ ਬਹੁਤ ਸਾਰਾ ਕੰਮ ਕਰਨ ਨੂੰ ਬਚਿਆ ਹੋਇਆ ਹੈ।ਇਨ੍ਹਾਂ ਅਧੂਰੇ ਟੀਚਿਆਂ ਨੂੰ ਰਮੇਸ਼ ਸ਼ਿੰਦੇ ਕੁਝ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕਰਦੇ ਹਨ, ''ਅਸੀਂ ਧਰਮਨਿਰਪੱਖਤਾ ਦੇ ਨਾਂ 'ਤੇ ਮੁਸਲਿਮ ਤੁਸ਼ਟੀਕਰਨ ਨੂੰ ਖਤਮ ਕਰਨਾ ਚਾਹੁੰਦੇ ਹਾਂ, ਘੱਟਗਿਣਤੀਆਂ ਦਾ ਦਰਜਾ ਵੀ ਖਤਮ ਹੋਣਾ ਚਾਹੀਦਾ ਹੈ। ਹਿੰਦੂ ਰਾਸ਼ਟਰ ਵਿੱਚ ਕੋਈ ਘੱਟਗਿਣਤੀ ਜਾਂ ਬਹੁਗਿਣਤੀ ਨਹੀਂ ਹੋਵੇਗਾ।''''ਧਰਮਨਿਰਪੱਖਤਾ ਦੀ ਆੜ ਵਿੱਚ ਅੱਜ ਦੇਸ਼ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਚੱਲ ਰਹੀਆਂ ਹਨ। ਖਾਲਿਸਤਾਨ ਦੀ ਮੰਗ ਹੋ ਰਹੀ ਹੈ। ਕਸ਼ਮੀਰ ਆਜ਼ਾਦੀ ਚਾਹੁੰਦਾ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਤੋਂ ਪਹਿਲਾਂ ਇਹ ਸਭ ਖਤਮ ਹੋਣਾ ਚਾਹੀਦਾ ਹੈ। ਇਹ ਇੱਕ ਪ੍ਰਕਿਰਿਆ ਹੈ। ਇਹ ਰਾਤੋ ਰਾਤ ਨਹੀਂ ਹੋ ਸਕਦਾ ਹੈ।''ਸ਼ਿਕਾਗੋ ਵਿੱਚ ਵੱਸਦੇ ਸੀਨੀਅਰ ਪੱਤਰਕਾਰ ਸ਼੍ਰੀਧਰ ਦਾਮਲੇ 50 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਆਰਐੱਸਐੱਸ ਦੇ ਉਭਾਰ ਨੂੰ ਦੇਖਦੇ ਆ ਰਹੇ ਹਨ ਅਤੇ ਸੰਗਠਨ 'ਤੇ ਇੱਕ ਕਿਤਾਬ ਲਿਖ ਚੁੱਕੇ ਹਨ।ਸ਼੍ਰੀਧਰ ਦਾਮਲੇ ਨੇ ਬੀਬੀਸੀ ਨੂੰ ਦੱਸਿਆ, ''ਆਰਐੱਸਐੱਸ ਇਨਕਲਾਬੀ ਬਦਲਾਅ ਲਿਆਉਣਾ ਚਾਹੁੰਦਾ ਹੈ ਅਤੇ ਉਹ ਕਿਸੇ ਕਿਸਮ ਦੇ ਟਕਰਾਅ ਦੇ ਬਿਨਾਂ ਇਹ ਹਾਸਲ ਕਰਨਾ ਚਾਹੁੰਦੀ ਹੈ।ਪਿਛਲੇ 50 ਸਾਲਾਂ ਵਿੱਚ ਦਾਮਲੇ ਬਹੁਤ ਸਾਰੇ ਸੰਘ ਪ੍ਰਮੁੱਖਾਂ ਨੂੰ ਮਿਲ ਚੁੱਕੇ ਹਨ ਅਤੇ ਉਨ੍ਹਾਂ ਦਾ ਇਹ ਨਜ਼ਰੀਆ, ਉਨ੍ਹਾਂ ਪ੍ਰਮੁੱਖਾਂ ਨਾਲ ਉਨ੍ਹਾਂ ਦੀਆਂ ਬੈਠਕਾਂ 'ਤੇ ਆਧਾਰਿਤ ਹੈ।ਪੁਰੀ ਦੇ ਸ਼ੰਕਰਾਚਾਰਿਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਨੇ ਪਿਛਲੇ ਸਾਲ ਭਵਿੱਖਬਾਣੀ ਕੀਤੀ ਸੀ ਕਿ ਭਾਰਤ ਸਾਢੇ ਤਿੰਨ ਸਾਲ ਵਿੱਚ ਹਿੰਦੂ ਰਾਸ਼ਟਰ ਬਣ ਸਕਦਾ ਹੈ।ਹੋਰ ਵੀ ਪੁਖਤਾ ਟਾਈਮ ਲਾਈਨ ਸਨਾਤਨ ਸੰਸਥਾ ਵੱਲੋਂ ਆਈ ਹੈ, ਜਿਸ ਨੇ ਆਪਣੀ ਵੈੱਬਸਾਈਟ ਵਿੱਚ ਦਾਅਵਾ ਕੀਤਾ ਕਿ ਇੱਕ ਸਾਧੂ ਨੇ 2023 ਤੋਂ 2025 ਦੇ ਦਰਮਿਆਨ, ਭਾਰਤ ਦੇ ਹਿੰਦੂ ਰਾਸ਼ਟਰ ਬਣ ਜਾਣ ਦੀ ਭਵਿੱਖਬਾਣੀ ਕੀਤੀ ਹੈ।

ਪ੍ਰੋਫ਼ੈਸਰ ਪੁਰਸ਼ੋਤਮ ਅਗਰਵਾਲ ਦੇ ਮੁਤਾਬਕ ਇਹ ਕਹਿਣਾ ਮੁਸ਼ਕਿਲ ਹੈ ਕਿ 2023-25 ਦੇ ਵਿਚਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਦਿੱਤਾ ਜਾਵੇਗਾ, ਪਰ ਉਹ ਕਹਿੰਦੇ ਹਨ ਕਿ ਉਹ ਵਕਤ ਦੂਰ ਵੀ ਨਹੀਂ ਹੈ।''ਇਸ ਦੇਸ਼ ਵਿੱਚ ਵਿਰੋਧੀ ਅਤੇ ਉਦਾਰਵਾਦੀ ਸ਼ਕਤੀਆਂ ਜਿਸ ਤਰ੍ਹਾਂ ਦਾ ਵਿਵਹਾਰ ਦਿਖਾਉਂਦੀਆਂ ਆ ਰਹੀਆਂ ਹਨ। ਮੈਨੂੰ ਹੈਰਾਨੀ ਨਹੀਂ ਹੋਵੇਗੀ ਕਿ 2025 ਦੇ ਫੌਰਨ ਬਾਅਦ ਅਜਿਹਾ ਹੋ ਜਾਵੇ। ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਸਰਬ-ਸਾਂਝੇ ਭਾਰਤ ਜਾਂ ਗਾਂਧੀ-ਨਹਿਰੂ ਦੇ ਭਾਰਤ 'ਤੇ ਯਕੀਨ ਕਰਨ ਵਾਲਿਆਂ ਨੂੰ ਤਤਕਾਲ ਕੋਈ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਨੂੰ ਸਨਾਤਨ ਸੰਸਥਾ ਵਰਗੇ ਸੰਗਠਨਾਂ ਨੂੰ ਗੰਭੀਰਤਾ ਨਾਲ ਲੈਣਾ ਹੋਵੇਗਾ।''

ਰਮੇਸ਼ ਸ਼ਿੰਦੇ ਕਹਿੰਦੇ ਹਨ, ''ਹਿੰਦੂ ਰਾਸ਼ਟਰ ਦੇ ਨਿਰਮਾਣ ਦਾ ਕੰਮ ਪ੍ਰਗਤੀ 'ਤੇ ਹੈ। ਇਹ ਦੋ ਸਾਲ ਦਾ ਪ੍ਰਾਜੈਕਟ ਨਹੀਂ ਹੈ। ਅੱਜ ਦਾ ਧਰਮ ਨਿਰਪੱਖ਼ ਭਾਰਤ ਕੱਲ੍ਹ ਦਾ ਹਿੰਦੂ ਰਾਸ਼ਟਰ ਨਹੀਂ ਬਣ ਜਾਵੇਗਾ। ਭਾਜਪਾ ਅੱਠ ਸਾਲ ਤੋਂ ਸੱਤਾ ਵਿੱਚ ਹੈ ਅਤੇ ਉਸ ਦਾ ਦਾਅਵਾ ਹੈ ਕਿ ਇਸ ਬਾਰੇ ਬਹੁਤ ਸਾਰਾ ਕੰਮ ਅਜੇ ਅਧੂਰਾ ਹੈ। ਤੁਹਾਨੂੰ ਕੁਝ ਸਮਾਂ ਦੇਣਾ ਹੋਵੇਗਾ।''ਪ੍ਰੋਫ਼ੈਸਰ ਕ੍ਰਿਸਟੋਫ ਜੈਫਰੇਲੋ ਦੀ ਰਾਇ ਹੈ, ''ਸਮਾਜ ਵਿੱਚ ਜ਼ਮੀਨੀ ਪੱਧਰ 'ਤੇ ਬਦਲਾਅ ਦੇ ਲਿਹਾਜ਼ ਨਾਲ 'ਹਿੰਦੂ ਰਾਸ਼ਟਰ' ਬਣਾਉਣਾ ਯਕੀਨਨ ਸੰਘ ਪਰਿਵਾਰ ਦੀ ਇੱਕ ਪਹਿਲ ਹੈ। 100 ਸਾਲ ਪਹਿਲਾਂ ਸੰਘ ਦੀ ਸ਼ੁਰੂਆਤ ਹੋਈ ਸੀ ਅਤੇ ਉਹ ਬਹੁਤ ਕੁਝ ਹਾਸਲ ਕਰ ਚੁੱਕਾ ਹੈ।''

ਹਿੰਦੂ ਰਾਸ਼ਟਰ ਦੇ ਨਿਰਮਾਣ ਦੀ ਕੋਈ ਟਾਇਮਲਾਇਨ ਤੈਅ ਹੋਣ ਦਾ ਅੰਦਾਜ਼ਾ ਉਹ ਨਹੀਂ ਲਗਾ ਸਕੇ, ਪਰ ਇਹ ਜ਼ਰੂਰ ਕਿਹਾ ਕਿ ਇੱਕ ਵਾਸਤਵਿਕ 'ਹਿੰਦੂ ਰਾਸ਼ਟਰ' ਸੰਘ ਪਰਿਵਾਰ ਹਾਸਲ ਕਰ ਸਕਦਾ ਹੈ ਅਤੇ ਉਹ ਅਜਿਹਾ ਕਰ ਵੀ ਰਿਹਾ ਹੈ।ਕੁਝ ਹਿੰਦੂਤਵਾਦੀ ਆਗੂਆਂ ਨੇ ਮੰਗ ਕੀਤੀ ਹੈ ਕਿ ਭਾਰਤ ਨੂੰ ਤੁਰੰਤ ਪ੍ਰਭਾਵ ਨਾਲ 'ਹਿੰਦੂ ਰਾਸ਼ਟਰ' ਐਲਾਨ ਦਿੱਤਾ ਜਾਵੇ। ਪਰ ਹੋਰ ਲੋਕ ਮੰਨਦੇ ਹਨ ਕਿ ਭਾਰਤ ਨੂੰ ਰਸਮੀ ਐਲਾਨ ਦੀ ਜ਼ਰੂਰਤ ਨਹੀਂ ਹੈ।ਉਹ ਇੱਕ ਧਰਮ ਨਿਰਪੱਖ ਰਾਜ ਤੋਂ ਇੱਕ ਹਿੰਦੂ ਰਾਸ਼ਟਰ ਦੇ ਰੂਪ ਵਿੱਚ ਭਾਰਤ ਦੀ ਤਬਦੀਲੀ ਦੇਖਦੇ ਹਨ।ਫਿਰ ਵੀ ਕੁਝ ਹੋਰ ਮਤ ਅਜਿਹੇ ਵੀ ਹਨ, ਜਿਨ੍ਹਾਂ ਮੁਤਾਬਿਕ ਅਜਿਹਾ ਕੋਈ ਖਾਸ ਦਿਨ ਕਦੇ ਨਹੀਂ ਆਵੇਗਾ ਜਦੋਂ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨ ਦਿੱਤਾ ਜਾਵੇਗਾ।ਇਹ ਕੁਦਰਤੀ ਤੌਰ 'ਤੇ ਹੋ ਰਿਹਾ ਹੈ ਅਤੇ ਰਸਮੀ ਰੂਪ ਨਾਲ ਅਜਿਹਾ ਸ਼ਾਇਦ ਨਹੀਂ ਹੋਵੇਗਾ।ਸੰਘ ਲਈ ਹਿੰਦੂ ਰਾਸ਼ਟਰ ਦਾ ਮਤਲਬ ਇੱਕ ਜ਼ਬਰਦਸਤ ਢੰਗ ਨਾਲ ਹਿੰਦੂ ਸੱਭਿਆਚਾਰਕ ਦਬਦਬੇ ਤੋਂ ਹੈ, ਪਰ ਪ੍ਰੋਫ਼ੈਸਰ ਅਗਰਵਾਲ ਦੀ ਦਲੀਲ ਹੈ ਕਿ 'ਹਿੰਦੂ ਰਾਸ਼ਟਰ' ਭਾਰਤ ਦੇ ਇਤਿਹਾਸ ਅਤੇ ਸੱਭਿਆਚਾਰ ਦੀ ਸਬੂਤਾਂ ਦੇ ਅਧਾਰ 'ਤੇ ਅਗਵਾਈ ਨਹੀਂ ਕਰਦਾ ਹੈ, ਲਿਹਾਜ਼ਾ ਇਸ ਸਮੁੱਚੇ ਵਿਚਾਰ ਨੂੰ ਉਸ ਨਜ਼ਰੀਏ ਨਾਲ ਦੇਖੇ ਜਾਣ ਦੀ ਲੋੜ ਹੈ।

**ਹਿੰਦੂ ਰਾਸ਼ਟਰ ਹਿੰਸਾ ਭਰਿਆ ਰਸਤਾ**

'ਹਿੰਦੂ ਰਾਸ਼ਟਰ' ਬਣਾਉਣ ਦਾ ਹਾਲੀਆ ਰਸਤਾ ਹਿੰਸਾ ਨਾਲ ਭਰਿਆ ਨਜ਼ਰ ਆਉਂਦਾ ਹੈ। ਸਮਾਜ ਦਾ ਇੱਕ ਵੱਡਾ ਹਿੱਸਾ ਉਸ ਨੂੰ ਤਾਂ ਸਵੀਕਾਰ ਕਰਦਾ ਦਿਖਦਾ ਹੈ ਜਾਂ ਖਾਮੋਸ਼ ਹੈ।ਕੁਝ ਮਾਹਰਾਂ ਦਾ ਮੰਨਣਾ ਹੈ ਕਿ ਨਫ਼ਰਤ ਨੇ ਭਾਰਤੀ ਸਮਾਜ ਨੂੰ ਵੰਡ ਦਿੱਤਾ ਹੈ। ਕੱਟੜਤਾ ਦੀਆਂ ਤਸਵੀਰਾਂ, ਹਥਿਆਰਾਂ ਦੀ ਟਰੇਨਿੰਗ, ਇੱਕ ਦੌਰ ਵਿੱਚ ਇਹ ਕੱਟੜਵਾਦੀ ਮੁਸਲਮਾਨਾਂ ਦੀ ਪਛਾਣ ਸੀ, ਪਰ ਹਾਲ ਹੀ ਵਿੱਚ ਕਰਨਾਟਕ ਵਿੱਚ ਇਹੋ ਜਿਹੀ ਤਸਵੀਰ ਬਜਰੰਗ ਦਲ ਦੇ ਇੱਕ ਕੈਂਪ ਤੋਂ ਉੱਭਰ ਕੇ ਆਈ। ਇਹ ਕੋਈ ਇਕੱਲੀ ਘਟਨਾ ਨਹੀਂ ਸੀ।ਦਰਅਸਲ, ਨਾਸਿਕ ਦੀ ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ, ''ਭਾਰਤੀ ਸੁਰੱਖਿਆ ਬਲਾਂ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੇ ਭਾਰਤੀ ਨੌਜਵਾਨਾਂ ਦੀ ਮਦਦ ਲਈ'' ਸਾਲਾਂ ਤੋਂ ਨੌਜਵਾਨਾਂ ਨੂੰ ਹਥਿਆਰਾਂ ਦੀ ਟਰੇਨਿੰਗ ਦਿੰਦੀ ਆ ਰਹੀ ਹੈ।

ਲੱਗਦਾ ਹੈ ਕਿ ਮੁਸਲਿਮ ਸਮਾਜ ਦੇ ਇੱਕ ਧੜੇ ਨੂੰ ਵੀ ਕੱਟੜ ਬਣਾਇਆ ਜਾ ਰਿਹਾ ਹੈ। ਇਸ ਦਾ ਇੱਕ ਮੁਜ਼ਾਹਰਾ ਉਦੋਂ ਹੋਇਆ ਜਦੋਂ ਦੋ ਅਲੱਗ ਅਲੱਗ ਘਟਨਾਵਾਂ ਵਿੱਚ ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਦੇ ਸਮਰਥਨ ਵਿੱਚ ਸਾਹਮਣੇ ਆਏ ਦੋ ਲੋਕਾਂ ਦੇ ਕਤਲ ਦੇ ਪਿੱਛੇ, ਕੱਟੜਪੰਥੀ ਮੁਸਲਮਾਨਾਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟਾਇਆ ਗਿਆ।ਨਿਖਿਲ ਨੇ ☞







(ਸਫਾ ਬੀ22 ਦੀ ਬਾਕੀ)

ਦਾਅਵਾ ਮਨਘੜਤ ਸੀ।

ਦੋ ਵਿਅਕਤੀਆਂ, ਕੁਲਦੀਪ ਸਿੰਘ ਅਤੇ ਗੁਰਮੇਲ ਸਿੰਘ ਦੇ ਝੂਠੇ ਮੁਕਾਬਲੇ ਵਿੱਚ, ਇੱਕ ਹੋਰ ਸੀ.ਬੀ.ਆਈ. ਅਦਾਲਤ ਨੇ ਇੱਕ ਸੇਵਾਮੁਕਤ ਡੀ.ਐਸ.ਪੀ. ਹਰਜਿੰਦਰ ਪਾਲ ਸਿੰਘ, ਰੋਪੜ (ਸਦਰ) ਦੇ ਤਤਕਾਲੀ ਸਟੇਸ਼ਨ ਹਾਉਸ ਅਫ਼ਸਰ ਨੂੰ 2019 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਪਿਛਲੇ ਸਾਲ ਅਕਤੂਬਰ ਵਿੱਚ ਐਸ.ਸੀ. ਨੇ 1992 ਤੋਂ 1994 ਦਰਮਿਆਨ ਪੰਜਾਬ ਦੇ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚੋਂ 20 ਨੌਜਵਾਨਾਂ ਦੇ ਲਾਪਤਾ ਹੋਣ ਦੀ ਜਾਂਚ ਵਿੱਚ ਸੀ.ਬੀ. ਆਈ. ਦੇ ਅਧਿਕਾਰ ਖੇਤਰ ‘ਤੇ ਸਵਾਲ ਉਠਾਉਂਦੇ ਹੋਏ 41 ਪੰਜਾਬ ਪੁਲਿਸ ਮੁਲਾਜ਼ਮਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਸੇਵਾਮੁਕਤ ਹਨ, ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। 1997 ਵਿੱਚ ਅਦਾਲਤ ਦੇ ਨਿਰਦੇਸ਼। 2015 ਵਿੱਚ, ਇੱਕ ਸੀਬੀਆਈ ਅਦਾਲਤ ਨੇ ਜਲੰਧਰ ਵਿੱਚ 1992 ਦੇ ਕੁਝ ਝੂਠੇ ਮੁਕਾਬਲੇ ਦੇ ਕੇਸਾਂ ਵਿੱਚ ਇੱਕ ਸਾਬਕਾ ਪੁਲਿਸ ਸੁਪਰਡੈਂਟ ਸਮੇਤ ਅੱਠ ਸੇਵਾਮੁਕਤ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

ਸੁਮੇਧ ਸਿੰਘ ਸੈਣੀ, ਜੋ ਕਿ 2012 ਤੋਂ 2015 ਦਰਮਿਆਨ ਸੂਬੇ ਦੇ ਪੁਲਿਸ ਮੁਖੀ ਸਨ ਸਿੱਖ ਨੌਜਵਾਨਾ ਦੇ ਕਤਲਾਂ ਦੇ ਦੋਸ਼ੀ ਹਨ। ਮਈ 2020 ਵਿੱਚ, ਪੰਜਾਬ ਪੁਲਿਸ ਨੇ ਸੈਣੀ ਵਿਰੁੱਧ ਇੱਕ ਸਰਕਾਰੀ ਅਧਿਕਾਰੀ ਦੇ ਲਾਪਤਾ ਹੋਣ ਦੇ 29 ਸਾਲ ਪੁਰਾਣੇ ਕੇਸ ਵਿੱਚ ਕੇਸ ਦਰਜ ਕੀਤਾ ਸੀ ਜਦੋਂ ਸੈਣੀ ਚੰਡੀਗੜ੍ਹ ਦੇ ਐਸਐਸਪੀ ਸਨ। ਇਹ ਕੇਸ 2015 ਵਿੱਚ ਆਉਟਲੁੱਕ ਦੁਆਰਾ ਪ੍ਰਕਾਸ਼ਿਤ ਸੀਨੀਅਰ ਪੱਤਰਕਾਰ ਕੰਵਰ ਸੰਧੂ ਨਾਲ ਇੱਕ ਇੰਟਰਵਿਊ ਵਿੱਚ, ਇੱਕ ਕਤਲ ਦੇ ਦੋਸ਼ੀ ਗੁਰਮੀਤ ਸਿੰਘ ਉਰਫ਼ ਪਿੰਕੀ, ਜਿਸ ਨੂੰ ਕਿਸੇ ਸਮੇਂ ਸੂਬੇ ਦੇ ਚੋਟੀ ਦੇ ਅੱਤਵਾਦ ਵਿਰੋਧੀ ਸਿਪਾਹੀ ਵਜੋਂ ਜਾਣਿਆ ਜਾਂਦਾ ਸੀ, ਵੱਲੋਂ ਕੀਤੇ ਖੁਲਾਸੇ ਤੋਂ ਬਾਅਦ ਦਰਜ ਕੀਤਾ ਗਿਆ ਸੀ। ਅਕਤੂਬਰ 2018, ਹਾਈ ਕੋਰਟ ਨੇ ਸੈਣੀ ਨੂੰ ਘਟਨਾਵਾਂ ਨਾਲ ਸਬੰਧਤ ਮਾਮਲਿਆਂ ਵਿੱਚ ਗ੍ਰਿਫਤਾਰੀ ਤੋਂ ਸੁਰੱਖਿਆ ਦਿੱਤੀ ਸੀ ਜਦੋਂ ਉਹ ਸਟੇਟ ਵਿਜੀਲੈਂਸ ਮੁਖੀ, ਪੁਲਿਸ ਇੰਸਪੈਕਟਰ ਜਨਰਲ, ਖੁਫੀਆ ਵਿਭਾਗ ਦੇ ਮੁਖੀ ਅਤੇ ਪੁਲਿਸ ਡਾਇਰੈਕਟਰ ਜਨਰਲ ਸਨ।

ਐਨਕਾਊਂਟਰ ਸਪੈਸ਼ਲਿਸਟ ਪਿੰਕੀ ਨੇ ਕਈ ਮੀਡੀਆ ਇੰਟਰਵਿਊਜ਼ ਵਿੱਚ ਖੁਲਾਸਾ ਕੀਤਾ ਕਿ ਕਿਵੇਂ ਪੰਜਾਬ ਪੁਲਿਸ ਨੇ ਸੈਂਕੜੇ ਸਿੱਖ ਨੌਜਵਾਨ ਕਤਲ ਕੀਤੇ ਸਨ। ਉਸ ਅਨੁਸਾਰ, ਉਹ ਘੱਟੋ-ਘੱਟ 50 ਝੂਠੇ ਮੁਕਾਬਲਿਆਂ ਦਾ ਗਵਾਹ ਰਿਹਾ ਹੈ। ਪਿੰਕੀ ਨੇ ਇਕ ਇੰਟਰਵਿਊ ‘ਚ ਕਿਹਾ ਸੀ, ‘’ਅੱਤਵਾਦ ਨਾਲ ਲੜਨ ਦੇ ਨਾਂ ‘ਤੇ ਦਿਨ-ਬ-ਦਿਨ ਝੂਠ ਬੋਲਿਆ ਗਿਆ। “ਸ਼ੱਕੀ ਨੂੰ ਇੱਕ ਥਾਂ ਤੋਂ ਚੁੱਕਿਆ ਗਿਆ, ਦੂਜੀ ਥਾਂ ਲਿਜਾਇਆ ਗਿਆ, ਇੱਕ ਤੀਜੇ ਵਿੱਚ ਰੱਖਿਆ ਗਿਆ, ਅਤੇ ਐਨਕਾਉਂਟਰ ਨੂੰ ਇੱਕ ਹੋਰ ਥਾਂ ਦਿਖਾਇਆ ਗਿਆ।“ ਇਸੇ ਤਰ੍ਹਾਂ 2013 ਵਿੱਚ ਪੰਜਾਬ ਪੁਲਿਸ ਦੇ ਇੱਕ ਸਬ-ਇੰਸਪੈਕਟਰ ਸੁਰਜੀਤ ਸਿੰਘ ਨੇ 80 ਤੋਂ ਵੱਧ ਲੋਕਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰਨ ਦੀ ਗੱਲ ਕਬੂਲੀ ਸੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਆਪਣੀ ਪਟੀਸ਼ਨ ਵਿੱਚ, ਉਸਨੇ ਘੱਟੋ-ਘੱਟ 16 ਝੂਠੇ ਮੁਕਾਬਲਿਆਂ ਦੀ ਸੂਚੀ ਦਿੱਤੀ, ਜਿਸ ਵਿੱਚ ਕੁਝ ਅਣਪਛਾਤੇ ਸਮੇਤ ਘੱਟੋ-ਘੱਟ ਤਿੰਨ ਦਰਜਨ ਵਿਅਕਤੀ ਮਾਰੇ ਗਏ ਸਨ। ਹਾਲਾਂਕਿ ਉਸ ਦੀ ਪਟੀਸ਼ਨ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਸੀ।

ਬਹੁਤ ਸਾਰੇ ਮੁਅੱਤਲ ਪੁਲਿਸ ਵਾਲੇ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਵਰਤਿਆ ਗਿਆ ਸੀ। ਮੂਸੇਵਾਲਾ ਦੇ ਕਤਲ ਤੋਂ ਬਾਅਦ, ਗੁਰਮੀਤ ਸਿੰਘ ਪਿੰਕੀ ਨੇ ਆਪਣੇ ਸੁਰੱਖਿਆ ਵਾਪਸ ਦੇਣ ਤੋਂ ਇਨਕਾਰ ਕੀਤਾ ਸੀ। “ਜੇ ਉਹ ਚਾਹੁੰਦੇ ਹਨ ਕਿ ਮੈਨੂੰ ਇਸ ਤਰ੍ਹਾਂ ਮਾਰਿਆ ਜਾਵੇ, ਤਾਂ ਸੁਰਖਿਆ ਵਾਪਸ ਲੈ ਲਵੋਪਰ ਇਹ ਖੇਡ ਇਸ ਵਾਰ ਇੱਥੇ ਰੁਕਣ ਵਾਲੀ ਨਹੀਂ ਹੈ, ”ਪਿੰਕੀ ਨੂੰ ਕਤਲ ਦੇ ਇੱਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟਣ ਤੋਂ ਬਾਅਦ 2015 ਵਿੱਚ ਦੁਆਰਾ ਪੁਲਿਸ ਵਿੱਚ ਸ਼ਾਮਲ ਕੀਤਾ ਗਿਆ ਸੀ ਪਰ ਅਦਾਲਤ ਦੇ ਦਖਲ ਤੋਂ ਬਾਅਦ ਜਲਦੀ ਹੀ ਉਸਦੀ ਬਹਾਲੀ ਨੂੰ ਰੱਦ ਕਰ ਦਿੱਤਾ ਗਿਆ। ਪਿੰਕੀ ਕਹਿੰਦਾ ਹੈ ਕਿ ਉਹ ਸੁਮੇਧ ਸਿੰਘ ਸੈਣੀ ਵਿਰੁੱਧ ਮੁਲਤਾਨੀ ਕਤਲ ਕੇਸ ਦਾ ਇਕਲੌਤਾ ਗਵਾਹ ਹੋਣ ਦਾ ਦਾਅਵਾ ਕਰਦਾ ਹੈ।ਉਸਨੂੰ ਡਰ ਹੈ ਕਿ ਸੈਣੀਂ ਹੀ ਮੈਨੂੰ ਖਤਮ ਕਰਵਾ ਸਕਦਾ ਹੈ।

ਅਗਵਾ ਕਰਨ ਅਤੇ ਕਤਲ ਕਰਨ ਤੋਂ ਪਹਿਲਾਂ, ਜਸਵੰਤ ਸਿੰਘ ਖਾਲੜਾ ਨੇ ਆਪਣਾ ਆਖਰੀ ਭਾਸ਼ਣ ਦਿੰਦੇ ਹੋਏ, ਇੱਕ ਕਹਾਣੀ ਸੁਣਾਈ ਸੀ: “ ਕਿ ਜਦੋਂ ਸੂਰਜ ਡੁੱਬ ਰਿਹਾ ਸੀ, ਵਿਰਲਾਪ ਹੋਇਆ ਕਿ ਸੂਰਜ ਡੁੱਬ ਜਾਵੇਗਾ ਅਤੇ ਹਨੇਰਾ ਫੈਲ ਜਾਵੇਗਾ। ਆਪਣੀ ਤਾਕਤ ਦਿਖਾਉਣ ਲਈ, ਹਨੇਰੇ ਨੇ ਧਰਤੀ ‘ਤੇ ਆਪਣੇ ਪੈਰ ਜਮਾਏ, ਪਰ ਦੂਰ ਇਕ ਛੋਟੀ ਜਿਹੀ ਝੌਂਪੜੀ ਵਿਚ, ਇਕ ਛੋਟੇ ਜਿਹੇ ਦੀਵੇ ਨੇ ਆਪਣਾ ਸਿਰ ਚੁਕਿਆ ਜੋ ਘੋਸ਼ਣਾ ਕਰਦਾ ਹੈ, ‘ਮੈਂ ਹਨੇਰੇ ਨੂੰ ਚੁਣੌਤੀ ਦਿੰਦਾ ਹਾਂ। ਜੇ ਹੋਰ ਕੁਝ ਨਹੀਂ, ਤਾਂ ਘੱਟੋ-ਘੱਟ ਆਪਣੇ ਆਲੇ-ਦੁਆਲੇ, ਮੈਂ ਹਨੇਰਾ ਨਹੀਂ ਰਹਿਣ ਦਿਆਂਗਾ।’’ ਫੇਰ ਹੋਰ ਝੌਂਪੜੀਆਂ ਵਿਚੋਂ ਦੀਵੇ ਉੱਠਦੇ ਹਨ ਅਤੇ ਦੁਨੀਆ ਹੈਰਾਨ ਸੀ ਕਿ ਇਨ੍ਹਾਂ ਦੀਵਿਆਂ ਨੇ ਹਨੇਰੇ ਨੂੰ ਰੋਕ ਦਿੱਤਾ...” ਇਸ ਹਨੇਰੇ ਨੂੰ ਫਿਲਮ’’’ ‘ਮਾਚਿਸ’ (1996) ਵਿੱਚ ਸੰਬੋਧਿਤ ਕੀਤਾ ਗਿਆ ਸੀ ਜੋ ਕਿ ਗੁਲਜ਼ਾਰ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਇੱਕ ਸਿਆਸੀ ਥ੍ਰਿਲਰ ਹੈ ਅਤੇ ਸਾਕਾ ਨੀਲਾ ਤਾਰਾ, ਬਾਅਦ ਦੇ ਦੌਰ ਦੇ ਸਰਕਾਰੀ ਦਮਨ ਦੀ ਕਹਾਣੀ ਹੈ।ਫਿਲਮ ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਕਤਲੇਆਮ ਅਤੇ ਦੋ ਨਾਇਕਾਂ ਦੀ ਖੁਦਕੁਸ਼ੀ ਅਤੇ ਸਿਰਲੇਖ ਦੇ ਨਾਲ ਇੱਕ ਖਬਰ-ਕਲਿਪਿੰਗ ਦੇ ਇੱਕ ਸ਼ਾਟ ਨਾਲ ਖਤਮ ਹੁੰਦੀ ਹੈ,

ਸੁਪਰੀਮ ਕੋਰਟ ਅਤੇ ਸੀ.ਬੀ.ਆਈ ਨੇ ਪੰਜਾਬ ਦੇ 27 ਪੁਲਿਸ ਵਾਲਿਆਂ ‘ਤੇ ਮੁਕੱਦਮਾ ਚਲਾਉਣ ਲਈ ਕਿਹਾ ਹੈ”।

ਅਖਬਾਰੀ ਰਿਪੋਰਟ ਦੇ ਅਨੁਸਾਰ, ਜਨਵਰੀ 1994 ਵਿੱਚ ਤਤਕਾਲੀ ਐਸਪੀ ਵਿਵੇਕ ਮਿਸ਼ਰਾ ਅਤੇ ਡੀਐਸਪੀ ਬਲਦੇਵ ਸਿੰਘ ਸਮੇਤ 27 ਪੁਲਿਸ ਵਾਲੇ ਚਾਰ ਵਿਅਕਤੀਆਂ ਨੂੰ ਗੋਲੀ ਮਾਰਨ ਵਿੱਚ ਸ਼ਾਮਲ ਸਨ। ਜਦੋਂ ਕਿ ਦੋਸ਼ੀ ਪੁਲਿਸ ਮੁਲਾਜ਼ਮਾਂ ਵਿੱਚੋਂ ਛੇ ਦੀ ਮੌਤ ਹੋ ਚੁੱਕੀ ਹੈ, ਬਾਕੀ ਅਜੇ ਵੀ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ ਜਦੋਂਕਿ ਮਿਸ਼ਰਾ, ਜਿਨ੍ਹਾਂ ਨੇ ਸੀ. ਸਹਾਇਕ ਆਈਜੀਪੀ ਬਣੇ, 2007 ਵਿੱਚ ਆਪਣੀ ਰਿਹਾਇਸ਼ ‘ਤੇ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਇਸ ਤੋਂ ਪਹਿਲਾਂ 1997 ਵਿੱਚ ਐਸਐਸਪੀ ਅਜੀਤ ਸੰਧੂ, ਦੋ ਵਾਰ ਸ਼ਾਨਦਾਰ ਸੇਵਾਵਾਂ ਲਈ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਤ ਅਤੇ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਕਤਲ ਦੇ ਮੁੱਖ ਦੋਸ਼ੀ ਸਨ ਨੇ ਕਥਿਤ ਤੌਰ ‘ਤੇ ਚੱਲਦੀ ਰੇਲਗੱਡੀ ਦੇ ਅੱਗੇ ਛਾਲ ਮਾਰ ਦਿੱਤੀ ਸੀ ।

---

☞ ਵਾਸ਼ਿੰਗਟਨ ਡੀਸੀ ਤੋਂ ਬੀਬੀਸੀ ਨੂੰ ਦੱਸਿਆ, ‘’ਦੇਖੋ ਹਿੰਦੂ ਰਾਸ਼ਟਰ ਲਈ ਅਸੀਂ ਕਿਸ ਰਸਤੇ ‘ਤੇ ਜਾ ਰਹੇ ਹਾਂ। ਇਹ ਇੱਕ ਬਹੁਤ ਹੀ ਹਿੰਸਕ ਕਿਸਮ ਦਾ ਰਸਤਾ ਹੈ, ਜਿੱਥੇ ਮੁਸਲਮਾਨਾਂ ‘ਤੇ ਹਿੰਸਕ ਹਮਲੇ ਕੀਤੇ ਜਾਂਦੇ ਹਨ, ਬੇਕਸੂਰ ਲੋਕਾਂ ਨੂੰ ਕੁੱਟ ਕੁੱਟ ਕੇ ਜ਼ਬਰਦਸਤੀ ਜੈ ਸ਼੍ਰੀਰਾਮ ਬੁਲਵਾਇਆ ਜਾਂਦਾ ਹੈ, ਹਿੰਦੂ ਤਿਉਹਾਰਾਂ ਦੇ ਦੌਰਾਨ ਮਸਜਿਦਾਂ ਦੇ ਬਾਹਰ ਤਲਵਾਰਾਂ ਅਤੇ ਦੂਜੇ ਹਥਿਆਰ ਲਹਿਰਾਏ ਜਾਂਦੇ ਹਨ।ਜੇਕਰ ਇਸ ਰਸਤੇ ਨਾਲ ਹਿੰਦੂ ਰਾਸ਼ਟਰ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕੋਈ ਕਿਵੇਂ ਯਕੀਨ ਕਰੇਗਾ ਕਿ ਇੱਕ ਵਾਰ ਉੱਥੇ ਪਹੁੰਚ ਜਾਣ ਦੇ ਬਾਅਦ ਇਹ ਸਭ ਬੰਦ ਹੋ ਜਾਵੇਗਾ।

2019 ਦੀਆਂ ਸੰਸਦੀ ਚੋਣਾਂ ਵਿੱਚ ਬੀਜੇਪੀ ਦੀ ਜਿੱਤ ਦੇ ਬਾਅਦ ਤੋਂ ਵੱਡੀ ਸੰਖਿਆ ਵਿੱਚ ‘ਧਰਮ ਸੰਸਦਾਂ’ ਅਤੇ ਧਾਰਮਿਕ ਸਭਾਵਾਂ ਕਰਵਾਈਆਂ ਜਾਂਦੀਆਂ ਰਹੀਆਂ ਹਨ।ਜਿਨ੍ਹਾਂ ਵਿੱਚ ਮੁਸਲਮਾਨਾਂ ਨੂੰ ਮਾਰਨ ਲਈ ਲਲਕਾਰੇ ਮਾਰੇ ਗਏ, ਅਤੇ ਮੁਸਲਿਮ ਕਾਰੋਬਾਰ ਦੇ ਬਾਈਕਾਟ ਦੀਆਂ ਕਸਮਾਂ ਖਾਧੀਆਂ ਗਈਆਂ।

ਕਈ ਮਾਹਰ ਕਹਿੰਦੇ ਹਨ ਕਿ ਨਵੇਂ ਭਾਰਤ ਵਿੱਚ ਸੜਕਾਂ ਤੋਂ ਲੈ ਕੇ ਸੋਸ਼ਲ ਮੀਡੀਆ ਪਲੈਟਫਾਰਮ ਤੱਕ ਨਫ਼ਰਤ ਦਾ ਰਾਜ ਹੈ।ਉੱਥੇ ਹੀ ਅੱਜ ਨਿਊ ਨਾਰਮਲ ਹੈ। ‘ਹਿੰਦੂਤਵ ਈਕੋਸਿਸਟਮ’ ਵਿੱਚ ਕਈ ਲੋਕਾਂ ਨਾਲ ਗੱਲ ਕਰਨ ਦੇ ਬਾਅਦ ਇਹ ਉੱਭਰ ਕੇ ਆਇਆ ਕਿ ਹਿੰਦੂ ਨੌਜਵਾਨਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ ਹਿੰਦੂ ਧਰਮ ਦੇ ਸੁਨਹਿਰੇ ਕਾਲ ਦਾ ਮੁੜ ਉਭਾਰ ਬਸ ਹੋਣ ਹੀ ਵਾਲਾ ਹੈ।ਉਨ੍ਹਾਂ ਨੂੰ ਵਾਰ-ਵਾਰ ਇਹ ਦੱਸਿਆ ਜਾਂਦਾ ਹੈ ਕਿ ਮੁਸਲਮਾਨਾਂ ਅਤੇ ਈਸਾਈਆਂ ਦੇ ਹੱਥੋਂ ਸਦੀਆਂ ਤੋਂ ਹੋਏ ਜ਼ੁਲਮ ਦਾ ਬਦਲਾ ਲੈਣਾ ਹੀ ਹੋਵੇਗਾ। ਹਿੰਸਾ ਨੂੰ ਹਿੰਸਾ ਨਾਲ ਰੋਕਣਾ ਹੋਵੇਗਾ।ਹਿੰਦੂ ਜਨਜਾਤੀ ਸਮਿਤੀ ਦੇ ਰਮੇਸ਼ ਸ਼ਿੰਦੇ ਕਹਿੰਦੇ ਹਨ, ‘’ਹਿੰਦੂ ਸਮਾਜ ਨੇ ਬਹੁਤ ਜ਼ਿਆਦਾ ਸਬਰ ਰੱਖਿਆ ਹੋਇਆ ਹੈ। (ਹਿੰਦੂਆਂ ਦੇ ਖਿਲਾਫ਼ ਹਿੰਸਾ ਦੇ ਬਾਵਜੂਦ)। ਪਰ ਜੇਕਰ ਅਪਰਾਧ ਵਾਰ-ਵਾਰ ਹੁੰਦੇ ਰਹੇ ਤਾਂ ਉਨ੍ਹਾਂ ਨੂੰ ਸਹਿਣ ਕਰਨਾ ਮੁਸ਼ਕਿਲ ਹੋ ਜਾਂਦਾ ਹੈ।‘’ਬੀਬੀਸੀ ਨਾਲ ਗੱਲਬਾਤ ਵਿੱਚ ਉਨ੍ਹਾਂ ਨੇ ਕਿਹਾ ਕਿ ਅਸਲੀ ਪੀੜਤ ਤਾਂ ਹਿੰਦੂ ਹਨ ਅਤੇ ਨਾਲ ਹੀ ਇਹ ਵੀ ਜੋੜਿਆ, ‘’ਪੂਰੇ ਦੇਸ਼ ਵਿੱਚ ਕੋਈ ਤਾਂ ਹੋਣਾ ਚਾਹੀਦਾ ਹੈ ਜੋ ਹਿੰਦੂ ਪੀੜਤਾਂ ਬਾਰੇ ਬੋਲ ਸਕੇ, ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਵਾ ਸਕੇ। ਮੈਂ ਇਹੀ ਕਰਦਾ ਹਾਂ।‘’

ਹਾਲਾਂਕਿ ਇੱਕ ਭਾਰਤੀ ਮੀਡੀਆ ਸੰਸਥਾਨ ਨੇ ਆਪਣੀ ਰਿਪੋਰਟ ਵਿੱਚ ‘ਹਿੰਦੂ ਈਕੋਸਿਸਟਮ’ ਨੂੰ ਨਫ਼ਰਤ ਦੀ ਫੈਕਟਰੀ ਕਿਹਾ ਸੀ।

ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ, ਜਿੱਥੇ ਦੇਸ਼ ਦਾ ਕੋਈ ਧਰਮ ਨਹੀਂ ਹੈ-ਇੱਕ ਅਜਿਹਾ ਰਾਸ਼ਟਰ, ਜਿਸ ਦੇ ਸੰਵਿਧਾਨ ਨੇ ਹਰ ਧਰਮ ਨੂੰ ਬਰਾਬਰੀ ਦਾ ਦਰਜਾ ਦਿੱਤਾ ਹੋਇਆ ਹੈ।ਪਰ ਇਹ ਸੱਚ ਹੈ ਕਿ ਆਜ਼ਾਦੀ ਦੇ 75 ਸਾਲ ਪੂਰੇ ਹੋਣ ‘ਤੇ ਇਹ ਸਵਾਲ ਜ਼ੋਰ ਨਾਲ ਉੱਠ ਰਿਹਾ ਹੈ ਕਿ ਕੀ ਇਸ ਦੇਸ਼ ਦਾ ਖਾਸਾ ਬਦਲ ਜਾਵੇਗਾ।

ਹਿੰਦੂਤਵੀ ਰਾਜਨੀਤੀ ਅਤੇ ਆਰਐੱਸਐੱਸ ‘ਤੇ ਗਹਿਰੀ ਨਜ਼ਰ ਰੱਖਣ ਵਾਲੇ ਪ੍ਰੋ. ਜੋਤਿਰਮਯ ਸ਼ਰਮਾ ਦਾ ਮੰਨਣਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਬਣ ਚੁੱਕਿਆ ਹੈ- ਇਸ ਲਈ ਹੁਣ ਸੰਵਿਧਾਨ ਵਿੱਚ ਤਬਦੀਲੀ ਦੀ ਜ਼ਰੂਰਤ ਨਹੀਂ ਹੈ।2024 ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਇਹ ਮੁੱਦਾ ਕੇਂਦਰ ਵਿੱਚ ਹੋਵੇਗਾ, ਅਜਿਹਾ ਕਹਿਣ ਅਤੇ ਮੰਨਣ ਵਾਲੇ ਜਾਣਕਾਰ ਹੁਣ ਸਿਰਫ਼ ਇਸ ਨੂੰ ਮੈਟਰ ਆਫ਼ ਟਾਈਮ (ਕੁਝ ਹੀ ਦੇਰ ਵਿੱਚ ਵਾਪਰਨ ਵਾਲਾ) ਕਹਿ ਰਹੇ ਹਨ। **(ਸਮਾਪਤ)**


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

**AKALI SINGH SIKH SOCIETY**

ਦੇਗ ਤੇਗ ਫਤਿਹ — ਪੰਥ ਕੀ ਜੀਤ

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

11 ਅਗਸਤ, ਦਿਨ ਵੀਰਵਾਰ........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

12 ਅਗਸਤ, ਦਿਨ ਸ਼ੁੱਕਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

13 ਅਗਸਤ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

14 ਅਗਸਤ, ਦਿਨ ਐਤਵਾਰ........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਜੇ ਗਰੇਵਰ ਅਤੇ ਪਰਿਵਾਰ ਵਲੋਂ ਹੋਵੇਗੀ।

14 ਅਗਸਤ, ਦਿਨ ਐਤਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

18 ਅਗਸਤ, ਦਿਨ ਵੀਰਵਾਰ........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

19 ਅਗਸਤ, ਦਿਨ ਸ਼ੁੱਕਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

20 ਅਗਸਤ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

21 ਅਗਸਤ, ਦਿਨ ਐਤਵਾਰ........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪੂਰਨ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।

21 ਅਗਸਤ, ਦਿਨ ਐਤਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

25 ਅਗਸਤ, ਦਿਨ ਵੀਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।

26 ਅਗਸਤ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

27 ਅਗਸਤ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

28 ਅਗਸਤ, ਦਿਨ ਐਤਵਾਰ........ਸਵੇਰ ਨੂੰ ਲੰਗਰ ਦੀ ਸੇਵਾ ਭਾਈ ਹਰਬੰਸ ਸਿੰਘ ਢੱਟ ਅਤੇ ਪਰਿਵਾਰ ਵਲੋਂ ਹੋਵੇਗੀ।

28 ਅਗਸਤ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਜਸਕੀਰਤ ਸਿੰਘ ਲਿੱਧੜ ਅਤੇ ਪਰਿਵਾਰ ਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਗੁਰਿੰਦਰ ਸਿੰਘ ਦਿਓ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਬੀਬੀ ਤਰਸੇਮ ਕੌਰ ਪਰਹਾਰ ਤੇ ਪਰਿਵਾਰ ਵਲੋਂ ਸਵਰਗਵਾਸੀ ਭਾਈ ਕਰਨੈਲ ਸਿੰਘ ਪਰਹਾਰ ਦੀ ਯਾਦ ਵਿਚ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ:

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ- 12 ਅਗਸਤ 2022, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 14 ਅਗਸਤ 2022, ਦਿਨ ਐਤਵਾਰ ਸਵੇਰੇ 9:00 ਵਜੇ

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਿਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।

ਗੁਰੂ ਕਾ ਲੰਗਰ ਤਿੰਨ ਦਿਨ ਅਤੁਟ ਵਰਤੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਦੋਹੇ

**ਜਗਤਾਰ ਪੱਖੋ**

ਚੇਤ ਮਹੀਨਾ ਚੜ੍ਹ ਗਿਆ ਕਣਕਾਂ ਬਦਲੇ ਰੰਗ।
ਕਿਰਤੀ ਦੇ ਘਰ ਰੌਣਕਾਂ ਛਣਕਣ ਲੱਗੀ ਵੰਗ।
ਚੜਿਆ ਮਾਹ ਵਿਸਾਖ ਜਦ ਮੌਸਮ ਬਦਲੀ ਚਾਲ।
ਕਣਕਾਂ ਦਾਤੀ ਪੈ ਗਈ ਪਾਉਂਦਾ ਜੱਟ ਧਮਾਲ।
ਜੇਠ ਚ ਪੀਲਾਂ ਪੱਕੀਆਂ ਗਾਉਣ ਪਪੀਹੇ ਰਾਗ।
ਅੰਬਾਂ ਉੱਤੇ ਬੂਰ ਤੱਕ ਸੁੰਦਰ ਲੱਗਦੇ ਬਾਗ।
ਹਾੜ੍ਹ ਚ, ਲੋਆਂ ਵਗਦੀਆਂ ਜਿਉਂ ਭੱਠੀ ਦੀ ਅੱਗ।
ਪੰਛੀ ਵੀ ਕੁਰਲਾਂਵਦੇ ਤੌਬਾ ਕਰਦਾ ਜੱਗ।
ਰਿਮਝਿਮ ਬਰਸੇ ਮੇਘਲਾ ਪੈਂਦੀ ਦਿਲ ਨੂੰ ਖਿੱਚ।
ਕੁੜੀਆਂ ਪੀਂਘਾਂ ਪਾਉਂਦੀਆਂ ਸਾਉਣ ਮਹੀਨੇ ਵਿੱਚ।
ਭਾਦੋਂ ਧੁੱਪਾਂ ਤਿੜਕੀਆਂ ਜਿਉਂ ਸੱਸੜੀ ਦੀ ਮਾਰ।
ਪੰਛੀ ਵੀ ਕੁਰਲਾਂਵਦੇ ਜਿਉਂ ਬਿਰਹਾ ਵਿਚ ਨਾਰ।
ਅੱਸੂ ਪੱਕਣ ਬੇਰੀਆਂ ਪੈਣ ਕਪਾਹੀਂ ਫੁੱਲ।
ਨਾਰ ਕਹੇ ਫਿਰ ਕੰਤ ਨੂੰ ਲੈ ਦੇ ਮਾਹੀ ਮੁੱਲ।
ਵਾਂਗ ਨਵੇਲੀ ਨਾਰ ਦੇ ਸਜਦੇ ਨੇ ਘਰ ਬਾਰ।
ਕੱਤਕ ਰੁੱਤ ਸੁਹਾਵਣੀ ਹੋਣ ਸ਼ੁਰੂ ਤਿਉਹਾਰ।
ਮੱਘਰ ਚੜ੍ਹਿਆ ਰੰਗਲਾ ਲੋਕ ਰਚਾਵਣ ਕਾਜ।
ਸ਼ਹਿਦ ਹਵਾ ਵਿਚ ਘੋਲਦੀ ਗੀਤਾਂ ਦੀ ਆਵਾਜ਼।
ਠੱਕਾ ਵਗਦਾ ਚੰਦਰਾ ਵਿੱਚ ਮਹੀਨੇ ਪੋਹ।
ਰਾਤਾਂ ਲੰਮ ਸਲੰਮੀਆਂ ਪੈਂਦੀ ਦਿਲ ਨੂੰ ਖੋਹ।
ਮਾਘ ਮਹੀਨਾ ਚੜ੍ਹ ਗਿਆ ਆ ਗੀ ਰੁੱਤ ਬਸੰਤ।
ਚਾਤ੍ਰਿਕ ਜਿਉਂ ਕੁਰਲਾਉਂਦੀਆਂ ਦੂਰ ਜਿੰਨਾ ਦੇ ਕੰਤ।
ਫੱਗਣ ਫ਼ਸਲਾਂ ਫੁੱਲੀਆਂ ਖੇਤਾਂ ਵਿਚ ਬਹਾਰ।
ਬਾਗਾਂ ਦੇ ਵਿਚ ਨੱਚਦੀ ਮੋਰਾਂ ਦੀ ਹੈ ਡਾਰ।

## ਸ਼ਾਮ ਢ.ਲੇ ...

**ਬਲਬੀਰ ਕੌਰ ਬੱਬੂ ਸੈਣੀ**

ਪੀੜਾਂ ਨੇ ਆ ਬੂਹੇ ਮੱਲੇ ਸ਼ਾਮ ਢ.ਲੇ।
ਦਿਲ ਦੀ ਬਾਰੀ ਬੈਠੇ ਕੱਲੇ ਸ਼ਾਮ ਢ.ਲੇ।
ਖੋਲ ਪਿਟਾਰੀ ਯਾਦਾਂ ਦੀ ਇਹ ਬਹਿ ਜਾਂਦਾ,
ਫੜ ਲਏ ਦਿਲ ਨੇ ਕੰਮ ਅਵੱਲੇ ਸ਼ਾਮ ਢ.ਲੇ।
ਨੈਣਾਂ ਨੂੰ ਉਹਦੀ ਹੀ ਨਿੱਤ ਉਡੀਕ ਰਹੀ,
ਪੌਣਾਂ ਹੱਥ ਸੁਨੇਹੇ ਘੱਲੇ ਸ਼ਾਮ ਢ.ਲੇ।
ਇਲਮ ਨ ਕੋਈ ਉਸਨੂੰ ਦਿਲ ’ਤੇ ਗੁਜ਼ਰੇ ਕੀ,
ਜਿਸ ਦੀ ਖ਼ਾਤਿਰ ਹੋਏ ਝੱਲੇ ਸ਼ਾਮ ਢ.ਲੇ।
ਭੁੱਲ ਗਿਆ ਏ ਘਰ ਦਾ ਰਸਤਾ ਖ਼ੁਸ਼ੀਆਂ ਨੂੰ,
ਆਉਂਦਾ ਏ ਗ਼ਮ ਦੇ ਦੇ ਹੱਲੇ ਸ਼ਾਮ ਢ.ਲੇ।
ਵੱਸੋਂ ਬਾਹਰ ਹੋ ਜਾਂਦੇ ਨੇ ਖ਼ਿਆਲ ਮਿਰੇ,
ਤੁਰ ਪੈਂਦੇ ਜੋ ਉਹਦੇ ਵੱਲੇ ਸ਼ਾਮ ਢ.ਲੇ।
ਇਨ੍ਹਾਂ ਦਾ ਵੀ ਠੌਰ ਠਿਕਾਣਾ ਹੈ ਬੱਬੂ,
ਪੰਛੀ ਵੀ ਸਭ ਘਰ ਨੂੰ ਚੱਲੇ ਸ਼ਾਮ ਢ.ਲੇ।

## ਰੁੱਖ

**ਪਰਮਵੀਰ ਸਿੰਘ ਮਾਨ**

ਮੱਤੇਵਾੜੇ ਦਾ ਜੰਗਲ ਤਾਂ ਅਸੀਂ ਬਚਾ ਲਿਆ ਏ,
ਹੁਣ ਰਲਕੇ ਆਲਾ-ਦੁਆਲਾ ਬਚਾ ਲਈਏ,
ਸਾਉਣ ਮਹੀਨਾ, ਆ ਗਈ ਰੁੱਤ ਬਰਸਾਤਾਂ ਦੀ,
ਆਓ ਆਪਣੇ ਹੱਥੀਂ ਇੱਕ ਦੋ ਬੂਟੇ ਲਾ ਲਈਏ।
ਪੰਛੀਆਂ ਨੂੰ ਮਿਲ ਜਾਣੇ ਨੇ ਫਿਰ ਰਹਿਣ ਬਸੇਰੇ,
ਸ਼ੁੱਧ ਹਵਾਵਾਂ ਰੁਮਕਣਗੀਆਂ ਫਿਰ ਚਾਰ ਚੁਫ਼ੇਰੇ,
ਕੁਦਰਤ ਦੇ ਨਾਲ ਆ ਜਾਓ ਸਾਂਝਾਂ ਪਾ ਲਈਏ,
ਸਾਉਣ ਮਹੀਨਾ, ਆ ਗਈ ਰੁੱਤ ਬਰਸਾਤਾਂ ਦੀ,
ਆਓ ਆਪਣੇ ਹੱਥੀਂ ਇੱਕ ਦੋ ਬੂਟੇ...।
ਵਾਤਾਵਰਣ ਦਾ ਪ੍ਰਦੂਸ਼ਣ ਇਹ ਮੁਕਾਵਣਗੇ,
ਘੇਰ ਘੇਰ ਕੇ ਬੱਦਲ ਮੀਂਹ ਵਰਸਾਵਣਗੇ,
ਆਓ ਸਾਰੇ ਆਪਣਾ ਫ਼ਰਜ਼ ਨਿਭਾ ਲਈਏ,
ਸਾਉਣ ਮਹੀਨਾ, ਆ ਗਈ ਰੁੱਤ ਬਰਸਾਤਾਂ ਦੀ,
ਆਓ ਆਪਣੇ ਹੱਥੀਂ ਇੱਕ ਦੋ ਬੂਟੇ...।
ਭਾਂਤ ਭਾਂਤ ਦੇ ਫਲ ਤੇ ਸੋਹਣੇ ਫੁੱਲ ਹੋਣੇ,
ਨਾ ਸੋਨਾ, ਚਾਂਦੀ, ਹੀਰੇ ਇਨ੍ਹਾਂ ਦੇ ਤੁੱਲ ਹੋਣੇ,
ਖੇਤਾਂ ਅਤੇ ਘਰਾਂ ਦੀ ਰੌਣਕ ਬਣਾ ਲਈਏ,
ਸਾਉਣ ਮਹੀਨਾ, ਆ ਗਈ ਰੁੱਤ ਬਰਸਾਤਾਂ ਦੀ,
ਆਓ ਆਪਣੇ ਹੱਥੀਂ ਇੱਕ ਦੋ ਬੂਟੇ...।
‘ਸੋਨੀ’ ਹਰ ਇੱਕ ਬੰਦਾ ਇੱਕ ਦੋ ਰੁੱਖ ਜੇ ਲਾ ਦੇਵੇ,
‘ਮਾਨਾਂ’ ਦੇਖ ਰੇਖ ਪੂਰੀ ਕਰਕੇ ਪੂਰ ਚੜ੍ਹਾ ਦੇਵੇ,
ਆਉਣ ਵਾਲੀਆਂ ਨਸਲਾਂ ਦਾ ਭਵਿੱਖ ਬਚਾ ਲਈਏ,
ਸਾਉਣ ਮਹੀਨਾ, ਆ ਗਈ ਰੁੱਤ ਬਰਸਾਤਾਂ ਦੀ,
ਆਓ ਆਪਣੇ ਹੱਥੀਂ ਇੱਕ ਦੋ ਬੂਟੇ...।

## ਵਿੱਦਿਆ ਪੜ੍ਹਾਉਣ ਵਾਲਿਓ ...

ਸਾਨੂੰ ਪਿਆਰ ਨਾਲ਼ ਵਿੱਦਿਆ ਪੜ੍ਹਾਉਣ ਵਾਲਿਓ,
ਥੋਨੂੰ ਯਾਦ ਕਰਾਂਗੇ ......।
ਸਾਡੀ ਜ਼ਿੰਦਗੀ ਦਾ ਰਾਹ ਰੁਸ਼ਨਾਉਣ ਵਾਲਿਓ ,
ਸਦਾ ਯਾਦ ਕਰਾਂਗੇ .....।
ਥੋੜ੍ਹਾ ਸਮਾਂ ਮਿਲੇ ਥੋਨੂੰ, ਜੀ ਸਕੂਲ ਆ ਕੇ ਜਾਇਓ।
ਸਾਡਾ ਜੀਅ ਨਹੀਓਂ ਲੱਗਣਾ ਆ ਕੇ ਸਾਨੂੰ ਮਿਲ ਜਾਇਓ।
ਸਾਨੂੰ ਜ਼ਿੰਦਗੀ ਦੀ ਰੋਸ਼ਨੀ ਦਿਖਾਉਣ ਵਾਲਿਓ,
ਥੋਨੂੰ ਯਾਦ ਕਰਾਂਗੇ......।
ਤੁਸੀਂ ਬੱਚਿਆਂ ਦੇ ਨਾਲ਼, ਸੀ ਪਿਆਰ ਡਾਹਢਾ ਪਾਇਆ।
ਸਦਾ ਮਾਪਿਆਂ ਦੇ ਵਾਂਗੂੰ , ਚੰਗਾ ਰਸਤਾ ਦਿਖਾਇਆ ।
ਸਾਨੂੰ ਭੁੱਲਿਆਂ ਨੂੰ ਸਿੱਧੇ ਰਾਹੇ ਪਾਉਣ ਵਾਲਿਓ,
ਥੋਨੂੰ ਯਾਦ ਕਰਾਂਗੇ ......।
ਸਾਡੇ ਆਸਾਂ ਦੇ ਮਹਿਲ , ਤੁਸੀਂ ਹੱਥੀਂ ਨੇ ਬਣਾਏ।
ਬੂਹੇ ਬਾਰੀਆਂ ਦੇ ਵਿੱਚ , ਅਸੀਂ ਸੁਪਨੇ ਸਜਾਏ।
ਰਾਜਨੀਤੀ ਦੀਆਂ ਰਮਜ਼ਾਂ ਪੜ੍ਹਾਉਣ ਵਾਲਿਓ,
ਥੋਨੂੰ ਯਾਦ ਕਰਾਂਗੇ .....।
ਸਾਡਾ ਨੱਕੋ ਨੱਕ ਕੀਤਾ , ਤੁਸੀਂ ਵਿੱਦਿਆ ਪਿਆਲਾ।
ਥੋਡੇ ਨਾਲ਼ ਹੀ ਸੀ ਸੋਂਹਦਾ , ਦਾਨਗੜ੍ਹ ਵਿਦਿਆਲਾ।
ਸਾਡੀ ਵਿੱਦਿਆ ਦੀ ਬੇੜੀ ਪਾਰ ਲਾਉਣ ਵਾਲਿਓ,
ਥੋਨੂੰ ਯਾਦ ਕਰਾਂਗੇ ......।
ਅਸੀਂ ਬੱਚੜੇ ਤੁਹਾਡੇ , ਥੋਨੂੰ ਦਿੰਦੇ ਹਾਂ ਦੁਆਵਾਂ।
ਲੰਮੀ ਉਮਰਾਂ ਨੂੰ ਮਾਣੋ , ਇਹੋ ਸਾਡੀਆਂ ਦੁਆਵਾਂ।
ਸਾਨੂੰ ਜ਼ਿੰਦਗੀ ਦਾ ਮੁੱਲ ਸਮਝਾਉਣ ਵਾਲਿਓ ,
ਥੋਨੂੰ ਯਾਦ ਕਰਾਂਗੇ ......।



**ਗੁਰਜਿੰਦਰ ਸਿੰਘ ਰਸੀਆ ,**
**ਧਨੌਲਾ(ਬਰਨਾ਼ਲਾ) 98787-57904**

## ਜੱਫਾ ਪ੍ਰਧਾਨਗੀ ਨੂੰ

ਮਾਣਮੱਤਾ ਸੀ ‘ਦਲ’ ਅਕਾਲੀਆਂ ਦਾ
ਇੱਕੋ ਟੱਬਰ ਨੇ ਕਰਿਆ ਮਲੰਗ ਭਾਈ।
ਪੁੱਤ-ਮੋਹ ਵਿੱਚ ਪਾਰਟੀ ਗਰਕ ਕਰਕੇ
‘ਘਾਗ’ ਲੀਡਰ ਨੂੰ ਆਈ ਨਾ ਸੰਗ ਭਾਈ।
‘ਜੀ-ਹਜੂਰੀਏ’ ਕਰਨ ਵਿਰੋਧ ਲਗ ਪਏ
ਤਾਨਾਸ਼ਾਹੀ ਤੋਂ ਕਹਿੰਦੇ ਹਾਂ ਤੰਗ ਭਾਈ।
ਜੇ ਹੁਣ ਮੰਗਣ ਮੁਆਫੀਆਂ ਕੌਮ ਕੋਲ਼ੋਂ
ਬੇੜੀ ਡੁੱਬਣ ’ਤੇ ਛੇੜੀ ਐ ਜੰਗ ਭਾਈ।
ਗੁਨਾਹਗਾਰਾਂ ਨੂੰ ਸਜਾ ਦੇ ਘਰੇ ਤੋਰਨ
ਹੈ ਸ਼ੁੱਭਚਿੰਤਕਾਂ ਦੀ ਇੱਕੋ ਮੰਗ ਭਾਈ।
ਪਾਈ ਰੱਖਣ ਲਈ ਜੱਫਾ ਪ੍ਰਧਾਨਗੀ ਨੂੰ
ਢਾਂਚਾ ਕਰ’ਤਾ ‘ਭਰਦਾਨ’ ਨੇ ਭੰਗ ਭਾਈ।
ਤਰਲੋਚਨ ਸਿੰਘ ਦੁਪਾਲ ਪੁਰ ਕਾਲਾ ਖ਼ੂਨ
ਇਹ ਕੇਹਾ ਇੰਨਸਾਨ ਵੇ ਲੋਕੋ।
ਕਰੇ ਜੋ ਬਦ-ਕਲਾਮ ਵੇ ਲੋਕੋ।
ਭਾਗੋ ਦੇ ਗਲ ਪਾਏ ਸਿਰੋਪਾ-
ਲ਼ਾਲੋ ਸਿਰ ਇਲਜਾਮ ਵੇ ਲੋਕੋ।
ਧਰਮ ਦੀ ਚਾਦਰ ਹੇਠਾਂ ਲੁਕ ਕੇ,
ਕਰਦੇ ਰਹੇ ਗ਼ਦਾਰੀ ਲੋਕੀ।
ਗ਼ਦਾਰ ਅੰਤ ਫਿਟਕਾਰੇ ਜਾਦੇ-
ਨਹੀ ਹੁੰਦੇ ਪ੍ਰਵਾਨ ਵੇ ਲੋਕੋ।
ਕਾਲਾ ਖ਼ੂਨ ਗ਼ਦਾਰੀ ਵਾਲਾ,
ਅਪਣਾ ਧੰਦਾ ਛਡਦਾ ਨਹੀਂ।
ਗਿਦੜਾਂ ਦੇ ਕਹੇ ਸ਼ੇਰ ਕਦੇ ਵੀ-
ਨਹੀਂ ਹੁੰਦੇ ਬਦਨਾਮ ਵੇ ਲੋਕੋ।
ਬੁਢੇ ਵਾਰੇ ਜੇ ਕੋਈ ਬੰਦਾ, ਕਾਲਖ਼ ਮੱਥੇ ਪੋਚ ਲਵੇ।
ਉਸ ਬੰਦੇ ਨੂੰ ਅਕਲੋਂ ਹੀਂਣਾਂ, ਕਹਿੰਦਾ ਕੁਲ ਜਹਾਨ ਵੇ ਲੋਕੋ।
ਬਾਬਰ ਦੀ ਕੋਈ ਫ਼ੌਜ ਦਾ ਬੰਦਾ,
ਮਿੱਤ ਨਾਨਕ ਦਾ ਹੋ ਨਹੀ ਸਕਦਾ।
ਭਾਵੇਂ ਪਹਿਨੇ ਕੋਈ ਜਨੇਊ-ਚਾਹੇ ਪਾਵੇ ਕ੍ਰਿਪਾਨ ਵੇ ਲੋਕੋ।
ਕਿਧਰ ਗਈ ਲਿਆਕਤ ਸਾਰੀ, ਕਿੱਧਰ ਨੂੰ ਤੁਰ ਅਹੁਦੇ ਗਏ।
ਮਰ ਚਿੜੀਏ ਕਦੇ ਜਿਊਂ ਚਿੜੀਏ-
ਰਹੀ ਨਾ ਇਕ ਜਬਾਨ ਵੇ ਲੋਕੋ।
ਭਗਤ ਸਿੰਘ ਸਰਦਾਰ ਅਸਾਡਾ,
ਭਾਰਤ ਦਾ ਸਰ-ਤਾਜ ਹੈ ਉਹ।
"ਸਰਾਂ"ਵਲੋਂ ਤਾਂ ਲੱਖ ਲੱਖ ਵਾਰੀ-
ਉਸ ਨੂੰ ਹੈ ਪ੍ਰਨਾਮ ਵੇ ਲੋਕੋ।
ਇਹ ਕੇਹਾ ਇੰਨਸਾਨ ਵੇ ਲੋਕੋ।
ਕਰੇ ਜੋ ਬਦ-ਕਲਾਂਮ ਵੇ ਲੋਕੋ।

**ਬਲਵੰਤ ਸਰਾਂ, (ਮੱਧੋਕੇ)**



ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave.,
Surrey, BC
**604-591-7611**

#8A-31205 Old Yale Rd.,
Abbotsford, BC
**604-504-1761**



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*11 ਅਗਸਤ ਦਿਨ ਵੀਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਬਲਦੇਵ ਸਿੰਘ ਵਿਰਦੀ, ਸ. ਰਛਪਾਲ ਸਿੰਘ ਖੁਣਖੁਣ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*12 ਅਗਸਤ ਦਿਨ ਸ਼ੁੱਕਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਸੁਖਵਿੰਦਰ ਸਿੰਘ ਰਾਏ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*13 ਅਗਸਤ ਦਿਨ ਸ਼ਨੀਵਾਰ ਭੋਗ ਸ੍ਰੀ ਅਖੰਡਪਾਠ ਅਤੇ ਲੰਗਰ ਦੀ ਸੇਵਾ ਸ. ਬਲਦੇਵ ਸਿੰਘ ਵਿਰਦੀ, ਸ. ਰਛਪਾਲ ਸਿੰਘ ਖੁਣਖੁਣ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*13 ਅਗਸਤ ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਹਰਮਨਜੀਤ ਸਿੰਘ ਧਾਲੀਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*14 ਅਗਸਤ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਸ. ਸੁਖਵਿੰਦਰ ਸਿੰਘ ਰਾਏ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*14 ਅਗਸਤ ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਅਤੇ ਅੰਤਿਮ ਅਰਦਾਸ ਨਮਿੱਤ ਸ. ਸੁਖਮਿੰਦਰ ਸਿੰਘ ਟੁੱਟ:ਵੱਲੋਂ ਸਮੂਹ ਟੁੱਟ ਪਰਿਵਾਰ

*14 ਅਗਸਤ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਬਰਜਿੰਦਰ ਸਿੰਘ ਬਾਜਵਾ, ਹਰਜੀਤ ਕੌਰ ਕਲੇਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

**ਨੋਟ:**4 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਸਾਹਿਬ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

- ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
- ਭਾਈ ਮਨਜੀਤ ਸਿੰਘ ਜੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਾਲੇ
- ਕਥਾ ਵਾਚਕ:ਗਿਆਨੀ ਮਾਣਕਪ੍ਰੀਤ ਸਿੰਘ ਜੀ ਅੰਬਾਲੇ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਮੋਹਕਮ ਸਿੰਘ (ਗ੍ਰੰਥੀ):236-887-7037


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# Dev Bros

## Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ


**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**


Shifted to New Location
#117, 1779 Clearbook Road, Abbotsford



# PEACE FURNITURE

**For The Peace Of Your Mind**



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca